Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 73 | Thursday, April 14, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਬੈਂਕ ਆਫ ਕੈਨੇਡਾ ਨੇ ਵਿਆਜ਼ ਦਰਾਂ ਵਿਚ ਕੀਤਾ 1 ਫੀ ਸਦੀ ਦਾ ਵਾਧਾ



ਓਟਵਾ, 13 ਅਪਰੈਲ (ਪੋਸਟ ਬਿਊਰੋ) : ਮਹਿੰਗਾਈ ਨਾਲ ਨਜਿੱਠਣ ਲਈ ਸੈਂਟਰਲ ਬੈਂਕ ਵੱਲੋਂ ਆਪਣੀਆਂ ਵਿਆਜ਼ ਦਰਾਂ ਵਿੱਚ ਇੱਕ ਫੀ ਸਦੀ ਇਜਾਫਾ ਕੀਤਾ ਗਿਆ ਹੈ।

ਪਿਛਲੇ ਦੋ ਦਹਾਕਿਆਂ ਵਿੱਚ ਸੈਂਟਰਲ ਬੈਂਕ ਵੱਲੋਂ 50 ਬੇਸਿਸ ਅੰਕਾਂ ਦਾ ਵਾਧਾ ਕੀਤਾ ਗਿਆ ਹੈ। ਬੈਂਕ ਆਫ ਕੈਨੇਡਾ ਵੱਲੋਂ ਇਹ ਐਲਾਨ ਵੀ ਕੀਤਾ ਗਿਆ ਹੈ ਕਿ ਉਹ ਮੁੜ ਨਿਵੇਸ਼ ਨੂੰ ਬੰਦ ਕਰਨ ਜਾ ਰਿਹਾ ਹੈ ਤੇ ਬੈਂਕ ਵੱਲੋਂ ਕੁਆਂਟੀਟੇਟਿਵ ਟਾਈਟਨਿੰਗ ਵੀ ਸ਼ੁਰੂ ਕੀਤੀ ਜਾਵੇਗੀ।

ਬੁੱਧਵਾਰ ਨੂੰ ਜਾਰੀ ਕੀਤੀ ਇੱਕ ਰਲੀਜ਼ ਵਿੱਚ ਬੈਂਕ ਨੇ ਆਖਿਆ ਕਿ ਰੂਸ ਵੱਲੋਂ ਯੂਕਰੇਨ ਉੱਤੇ ਕੀਤੀ ਜਾ ਰਹੀ ਚੜ੍ਹਾਈ ਨਾਲ ਕਿਆਸ ਤੋਂ ਬਾਹਰ ਮਨੁੱਖੀ ਘਾਣ ਸ਼ੁਰੂ ਹੋ ਗਿਆ ਹੈ ਤੇ ਇਸ ਨਾਲ ਆਰਥਿਕ ਅਸਥਿਰਤਾ ਵੀ ਪੈਦਾ ਹੋ ਗਈ ਹੈ। ਦੁਨੀਆ ਭਰ ਵਿੱਚ ਤੇਲ ਦੀਆਂ ਕੀਮਤਾਂ, ਨੈਚੂਰਲ ਗੈਸ ਤੇ ਹੋਰਨਾਂ ਵਸਤਾਂ ਦੀਆਂ ਕੀਮਤਾਂ ਆਸਮਾਨ ਛੋਹ ਰਹੀਆਂ ਹਨ ਤੇ ਮਹਿੰਗਾਈ ਵਿੱਚ ਕਾਫੀ ਵਾਧਾ ਹੋ ਰਿਹਾ ਹੈ। ਸਪਲਾਈ ਚੇਨ ਵਿੱਚ ਪੈਣ ਵਾਲੇ ਵਿਘਣ ਨਾਲ ਵੀ ਸਾਰਿਆਂ ਨੂੰ ਕਾਫੀ ਨੁਕਸਾਨ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਪਿਛਲੇ ਮਹੀਨੇ ਸੈਂਟਰਲ ਬੈਂਕ ਨੇ ਇੱਕ ਫੀ ਸਦੀ ਦੇ ਅੱਧੇ ਦਾ ਕੁਆਰਟਰ ਅੰਕ ਵਧਾਈਆਂ ਸਨ, ਇਹ 2018 ਤੋਂ ਲੈ ਕੇ ਹੁਣ ਤੱਕ ਦਾ ਪਹਿਲਾ ਵਾਧਾ ਸੀ। ਇਹ ਉਸ ਸਮੇਂ ਹੋਇਆ ਹੈ ਜਦੋਂ ਮਹਾਂਮਾਰੀ ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ ਘਰਾਂ ਦੀਆਂ ਕੀਮਤਾਂ ਵਿੱਚ ਭਾਰੀ ਵਾਧਾ ਵੇਖਣ ਨੂੰ ਮਿਲਿਆ ਹੈ।

## ਸਕੂਲਾਂ ਵਿੱਚ ਮੁੜ ਮਾਸਕ ਸਬੰਧੀ ਨਿਯਮ ਲਾਗੂ ਕਰਨ ਦੇ ਪੱਖ ਵਿੱਚ ਓਟਵਾ ਸਕੂਲ ਬੋਰਡ ਨੇ ਕੀਤਾ ਵੋਟ

ਓਟਵਾ, 13 ਅਪਰੈਲ (ਪੋਸਟ ਬਿਊਰੋ) : ਪਿਛਲੇ ਮਹੀਨੇ ਪ੍ਰੋਵਿੰਸ ਵੱਲੋਂ ਮਾਸਕ ਦੀ ਲੋੜ ਖ਼ਤਮ ਕਰਨ ਦੇ ਫੈਸਲੇ ਦੇ ਬਾਵਜੂਦ ਓਟਵਾ ਦੇ ਸੱਭ ਤੋਂ ਵੱਡੇ ਸਕੂਲ ਬੋਰਡ ਦੇ ਟਰੱਸਟੀਜ਼ ਨੇ ਇੱਕ ਵਾਰੀ ਫਿਰ ਕਲਾਸਾਂ ਵਿੱਚ ਮਾਸਕ ਜ਼ਰੂਰੀ ਕਰਨ ਦੇ ਪੱਖ ਵਿੱਚ ਵੋਟ ਪਾਇਆ।

ਮੰਗਲਵਾਰ ਰਾਤ ਨੂੰ ਓਟਵਾ-ਕਾਰਲਟਨ ਡਿਸਟ੍ਰਿਕਟ ਸਕੂਲ ਬੋਰਡ (ਓਸੀਡੀਐਸਬੀ) ਦੇ ਸਾਹਮਣੇ ਮਤਾ ਪੇਸ਼ ਕਰਕੇ ਇਹ ਮੰਗ ਕੀਤੀ ਗਈ ਕਿ ਸਾਰੇ ਸਕੂਲਾਂ ਦੀਆਂ ਇਮਾਰਤਾਂ ਵਿੱਚ ਸਟਾਫ ਤੇ ਵਿਦਿਆਰਥੀਆਂ ਲਈ ਮਾਸਕ ਇੱਕ ਵਾਰੀ ਫਿਰ ਲਾਜ਼ਮੀ ਕੀਤੇ ਜਾਣ। ਟਰਸਟੀ ਜਸਟਿਨ ਬੈੱਲ ਮਤੇ ਦੇ ਪੱਖ ਵਿੱਚ ਸਨ ਤੇ ਉਨ੍ਹਾਂ ਆਖਿਆ ਕਿ ਇਹ ਮਤਾ ਵਿਦਿਆਰਥੀਆਂ ਤੇ ਸਟਾਫ ਦੀ ਸਿਹਤ ਤੇ ਸੇਫਟੀ ਲਈ ਹੀ ਲਿਆਂਦਾ ਗਿਆ ਹੈ। ਉਨ੍ਹਾਂ ਆਖਿਆ ਕਿ ਉਹ ਇਸ ਮਤੇ ਦਾ ਸਮਰਥਨ ਕਰਦੇ ਹਨ ਕਿਉਂਕਿ ਉਹ ਚਾਹੁੰਦੇ ਹਨ ਕਿ ਵਿਦਿਆਰਥੀ ਸਕੂਲਾਂ ਵਿੱਚ ਆਉਂਦੇ ਰਹਿਣ।



ਕਈ ਟਰੱਸਟੀਜ਼ ਮਾਸਕ ਸਬੰਧੀ ਨਿਯਮਾਂ ਨੂੰ ਮੁੜ ਲਾਗੂ ਕਰਨ ਲਈ ਸਹਿਮਤ ਵੀ ਨਹੀਂ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਜਦੋਂ ਪ੍ਰੋਵਿੰਸ਼ੀਅਲ ਪੱਧਰ ਉੱਤੇ ਹੀ ਮਾਸਕ ਸਬੰਧੀ ਨਿਯਮ ਹਟਾਅ ਲਏ ਗਏ ਹਨ ਤਾਂ ਅਜਿਹੇ ਵਿੱਚ ਸਕੂਲਾਂ ਵਿੱਚ ਇਨ੍ਹਾਂ ਨੂੰ ਮੁੜ ਲਾਗੂ ਕਰਨ ਦੀ ਕੀ ਤੁਕ ਬਣਦੀ ਹੈ। ਬੈੱਲ ਨੇ ਆਖਿਆ ਕਿ ਯੂਨੀਅਨਾਂ ਵੀ ਸਕੂਲਾਂ ਵਿੱਚ ਮਾਸਕ ਦੁਬਾਰਾ ਲਿਆਉਣ ਦੀ ਮੰਗ ਕਰ ਰਹੀਆਂ ਹਨ।

ਹਾਲਟਨ ਤੇ ਹੈਮਿਲਟਨ ਦੇ ਸਕੂਲ ਬੋਰਡਜ਼ ਵੱਲੋਂ ਵੀ ਇਸ ਹਫਤੇ ਦੇ ਅਖੀਰ ਵਿੱਚ ਇਸ ਤਰ੍ਹਾਂ ਦੇ ਮਾਸਕ ਸਬੰਧੀ ਮਤਿਆਂ ਉੱਤੇ ਵਿਚਾਰ ਵਟਾਂਦਰਾ ਕੀਤੇ ਜਾਣ ਦੀ ਸੰਭਾਵਨਾ ਹੈ।

## ਪ੍ਰੋਵਿੰਸ਼ੀਅਲ ਸਰਕਾਰ ਦੀਆਂ ਹਦਾਇਤਾਂ ਉੱਤੇ ਅਮਲ ਕਰਨ ਦਾ ਟੀਡੀਐਸਬੀ ਨੇ ਕੀਤਾ ਫੈਸਲਾ



ਟੋਰਾਂਟੋ, 13 ਅਪਰੈਲ (ਪੋਸਟ ਬਿਊਰੋ) : ਟੋਰਾਂਟੋ ਦੇ ਸਭ ਤੋਂ ਵੱਡੇ ਸਕੂਲ ਬੋਰਡ ਵੱਲੋਂ ਆਪਣੇ ਸਾਰੇ ਸਟਾਫ ਤੇ ਵਿਦਿਆਰਥੀਆਂ ਨੂੰ ਇੰਡੋਰਜ਼ ਵਿੱਚ ਮਾਸਕ ਪਾਉਣ ਦੀ ਅਪੀਲ ਕੀਤੀ ਜਾ ਰਹੀ ਹੈ। ਪਰ ਬੋਰਡ ਦਾ ਕਹਿਣਾ ਹੈ ਕਿ ਭਾਵੇਂ ਓਟਵਾ ਦੇ ਟਰਸੱਟੀਜ਼ ਵੱਲੋਂ ਮੁੜ ਮਾਸਕ ਲਾਜ਼ਮੀ ਕਰ ਦਿੱਤੇ ਗਏ ਹੋਣ ਪਰ ਉਹ ਪ੍ਰੋਵਿੰਸ਼ੀਅਲ ਸਰਕਾਰ ਦੀ ਮਦਦ ਨਾਲ ਜਾਂ ਬਿਨਾਂ ਮਦਦ ਤੋਂ ਇਨ੍ਹਾਂ ਨੂੰ ਮੁੜ ਲਾਜ਼ਮੀ ਨਹੀਂ ਕਰਨ ਵਾਲਾ।

ਓਟਵਾ-ਕਾਰਲਟਨ ਸਕੂਲ ਬੋਰਡ ਨੇ ਮੰਗਲਵਾਰ ਨੂੰ ਇੱਕ ਮੀਟਿੰਗ ਵਿੱਚ ਇਹ ਫੈਸਲਾ ਕੀਤਾ ਸੀ ਕਿ ਉਨ੍ਹਾਂ ਦੀਆਂ ਸਾਰੀਆਂ ਬਿਲਡਿੰਗਾਂ ਵਿੱਚ ਮਾਸਕ ਪਾਏ ਜਾਣਗੇ। ਇੱਥੇ ਦੱਸਣਾ ਬਣਦਾ ਹੈ ਕਿ ਪਿਛਲੇ ਮਹੀਨੇ ਫੋਰਡ ਸਰਕਾਰ ਵੱਲੋਂ ਬਹੁਤੀਆਂ ਥਾਂਵਾਂ ਉੱਤੇ ਮਾਸਕ ਦੀ ਪਾਬੰਦੀ ਖ਼ਤਮ ਕਰ ਦਿੱਤੀ ਸੀ। ਬੁੱਧਵਾਰ ਸਵੇਰੇ ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ ਦੀ ਡਾਇਰੈਕਟਰ ਆਫ ਐਜੂਕੇਸ਼ਨ ਕੌਲੀਨ ਰੱਸਲ-ਰਾਲਿੰਜ਼ ਨੇ ਆਖਿਆ ਕਿ ਮਹਾਂਮਾਰੀ ਦੀ ਛੇਵੀਂ ਵੇਵ ਵਿੱਚੋਂ ਸਾਨੂੰ ਬਚਾਉਣ ਲਈ ਪ੍ਰੋਵਿੰਸ ਨੂੰ ਸਕੂਲਾਂ ਵਿੱਚ ਮਾਸਕ ਪਾਉਣਾ ਮੁੜ ਲਾਜ਼ਮੀ ਕਰ ਦੇਣਾ ਚਾਹੀਦਾ ਹੈ।

ਪਰ ਉਨ੍ਹਾਂ ਇਹ ਵੀ ਆਖਿਆ ਕਿ ਜਦੋਂ ਤੱਕ ਅਜਿਹਾ ਨਹੀਂ ਹੁੰਦਾ ਉਦੋਂ ਤੱਕ ਬੋਰਡ ਦੇ ਹੱਥ ਬੰਨ੍ਹੇ ਹੋਏ ਹਨ। ਉਨ੍ਹਾਂ ਆਖਿਆ ਕਿ ਪ੍ਰੋਵਿੰਸ਼ੀਅਲ ਸਰਕਾਰ ਦੇ ਹੁਕਮਾਂ ਤੋਂ ਬਿਨਾਂ ਉਹ ਕਿਸੇ ਤਰ੍ਹਾਂ ਦੀ ਤਬਦੀਲੀ ਆਪਣੇ ਆਪ ਨਹੀਂ ਕਰ ਸਕਦੇ। ਬੁੱਧਵਾਰ ਨੂੰ ਮਾਪਿਆਂ ਨੂੰ ਭੇਜੇ ਪੱਤਰ ਵਿੱਚ ਟੀਡੀਐਸਬੀ ਨੇ ਆਖਿਆ ਕਿ ਉਨ੍ਹਾਂ ਵੱਲੋਂ ਕੋਵਿਡ ਦੇ ਮਾਮਲਿਆਂ ਤੋਂ ਬਚਣ ਲਈ ਵਿਦਿਆਰਥੀਆਂ ਨੂੰ ਸਹੀ ਫਿਟਿੰਗ ਵਾਲੇ ਮਾਸਕ ਪਾਉਣ ਲਈ ਤਾਂ ਆਖਿਆ ਜਾਂਦਾ ਹੈ ਪਰ ਅਜਿਹਾ ਕਰਨਾ ਜ਼ਰੂਰੀ ਨਹੀਂ ਹੈ।

## ਬਰੁੱਕਲਿਨ ਸਬਵੇਅ ਸ਼ੂਟਿੰਗ ਲਈ ਜ਼ਿੰਮੇਵਾਰ ਵਿਅਕਤੀ ਗ੍ਰਿਫਤਾਰ



ਨਿਊ ਯੌਰਕ, 13 ਅਪਰੈਲ (ਪੋਸਟ ਬਿਊਰੋ) : ਬਰੁੱਕਲਿਨ ਵਿੱਚ ਸਬਵੇਅ ਸਟੇਸ਼ਨ ਉੱਤੇ ਹਮਲਾ ਕਰਕੇ 10 ਵਿਅਕਤੀਆਂ ਨੂੰ ਜ਼ਖ਼ਮੀ ਕਰਨ ਵਾਲੇ ਵਿਅਕਤੀ ਨੂੰ ਬੁੱਧਵਾਰ ਦੁਪਹਿਰ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਹ ਜਾਣਕਾਰੀ ਪੁਲਿਸ ਅਧਿਕਾਰੀਆਂ ਨੇ ਦਿੱਤੀ।

ਮੈਨਹਟਨ ਵਿੱਚ 62 ਸਾਲਾ ਫਰੈਂਕ ਆਰ•ਜੇਮਜ਼ ਨੂੰ ਹਿਰਾਸਤ ਵਿੱਚ ਲਿਆ ਗਿਆ। ਇਸ ਸਬੰਧ ਵਿੱਚ ਗ੍ਰਿਫਤਾਰ ਕਰਨ ਵਾਲੀ ਏਜੰਸੀ ਸਮੇਤ ਹੋਰ ਵੇਰਵੇ ਜਾਰੀ ਨਹੀਂ ਕੀਤੇ ਗਏ। ਜੇਮਜ਼, ਜਿਸ ਨੇ ਕਥਿਤ ਤੌਰ ਉੱਤੇ ਮੰਗਲਵਾਰ ਨੂੰ ਬਰੁੱਕਲਿਨ ਵਿੱਚ ਸਬਵੇਅ ਟਰੇਨ ਉੱਤੇ ਗੋਲੀਆਂ ਚਲਾ ਕੇ 10 ਵਿਅਕਤੀਆਂ ਨੂੰ ਜ਼ਖ਼ਮੀ ਕਰ ਦਿੱਤਾ ਸੀ, ਦੀ ਭਾਲ ਵਿੱਚ ਪੁਲਿਸ ਨੇ ਦੇਰ ਰਾਤ ਤੱਕ ਸਾਰਾ ਇਲਾਕਾ ਗਾਹਿਆ। ਇਸ ਹਮਲੇ ਨਾਲ ਮਹਾਂਮਾਰੀ ਤੋਂ ਉਭਰ ਰਿਹਾ ਨਿਊ ਯੌਰਕ ਇੱਕ ਵਾਰੀ ਫਿਰ ਠਹਿਰ ਗਿਆ। ...ਬਾਕੀ ਪੰਨਾ 3 'ਤੇ

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI 416.994.7272
www.allkindinsurance.com

MOTEL FOR SALE ON HWY 7
IN THE MIDDLE OF TORONTO AND OTTAWA
$1,275,000
•Excellent Cash Flow And Low Vacancy Rate
•Low Operating Costs
•Many Recent Upgrades To Rooms
•New Security Camera System
•Plan Approved For Additional Unit
RAJ HANDA BROKER OF RECORD DIR: 647-546-5228 OFF: 905-457-4588
SAVE MAX GLOBAL REALTY
RAJ@SAVEMAXGLOBALREALTY.COM

INSURANCE
○Home ○Auto
○Business ○Trucking
○Life Insurance ○Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

Locations Woodbridge Mississauga Scarborough
YES! Immigration Yes we can...
Celebrating 16 Years
16 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਇੰਮੀਗਰੇਸ਼ਨ ਸੇਵਾਵਾਂ 10-20% Discount
Raj Narang Ritu Narang
ਕੇਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor 416-724-5000

ROYAL STAR Realty Inc. Brokerage
Off: 905-793-1111 Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

Dubai Jewellers
10% additional discount on gold and upto 50% on diamond.
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
ਨਵੇਂ ਬਣੇ ਪਲਾਜ਼ਾ ਦੇ ਵਿਚ
Raj & Gulshan Mob: 416-465-1200
2700 Northpark Drive Unit #19, Brampton Ontario L6S 0E9
North Park & Airport Major Intersection
www.dubaijewellers.ca info@dubaijewellers.ca

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc. Residential, Commercial
www.ksgpestcontrol.ca ksgpestcontrol@gmail.com
Amarjeet Singh Gill

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
www.MakeMeDebtFree.ca
416-502-3100
Late Evening and Weekends Appointments Available 1888 864 3131
Jasbir Singh Hundal Qualified Credit Counsellor
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL 416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc.
Cell: 416-841-4218 Tel: 905-216-5563
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca




# Now Hiring

LIGHT SPEED Logistics Inc.

## Owner Operators

| | |
|---|---|
| US TEAM | $2.09 |
| US SINGLE | $1.94 |
| ONTARIO/QUEBEC TO MIDWEST | $2.24 |
| CANADIAN TEAM | $1.89 |
| CANADIAN SINGLE | $1.74 |
| (AB-BC) (BC-AB) | $2.29 |

Call us or Drop in!

JAGGI DHILLON : 403-542-4258
GURBIR SARAN : 416-768-5441
1-800-397-6009 (Press Option 3)
122 Carmek Blvd, Rocky View AB T1X 1X1

## Company Drivers

| | |
|---|---|
| US TEAM | $0.86 |
| US SINGLE | $0.62 |
| CANADIAN TEAM | $0.66 |
| CANADIAN SINGLE | $0.50 |
| ON/QC TEAM TO MID-WEST | $0.96 |
| ON/QC SINGLE TO MID-WEST | $0.72 |
| (AB-BC) (BC-AB) TEAM | $0.81 |
| (AB-BC) (BC-AB) SINGLE | $0.65 |

* Conditions Apply

safedrivers@lslinc.com www.lslinc.com

# EXCLUSIVE OFFER!

## GET A $15 IN-STORE CREDIT

*WITH NEW ACTIVATION ON A $25/MO
DATA, TALK, & TEXT PLAN OR HIGHER



chatr™
AUTHORIZED DEALER

1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

# ਮਿਸੀਸਾਗਾ ਵਿੱਚ ਸੱਤ ਗੱਡੀਆਂ ਆਪਸ ਵਿੱਚ ਟਕਰਾਈਆਂ, ਇੱਕ ਵਿਅਕਤੀ ਹਿਰਾਸਤ ਵਿੱਚ




ਮਿਸੀਸਾਗਾ, 13 ਅਪਰੈਲ (ਪ'ਸਟ ਬਿਊਰ') : ਮੰਗਲਵਾਰ ਸ਼ਾਮ ਨੂੰ ਇਟੋਬੀਕੋ ਤੇ ਮਿਸੀਸਾਗਾ ਵਿੱਚ ਕਈ ਹਾਦਸਿਆਂ ਨੂੰ ਜਨਮ ਦੇਣ ਵਾਲੇ ਵਿਅਕਤੀ ਨੂੰ ਪੁਲਿਸ ਨੇ ਹਿਰਾਸਤ ਵਿੱਚ ਲੈ ਲਿਆ। ਇਸ ਵਿਅਕਤੀ ਉੱਤੇ ਕਈ ਗੱਡੀਆਂ ਚੋਰੀ ਕਰਨ ਤੇ ਹਾਦਸਿਆਂ ਦਾ ਸਿਲਸਿਲਾ ਸ਼ੁਰੂ ਕਰਨ ਦਾ ਦੋਸ਼ ਹੈ।

ਰਾਤੀਂ 8:00 ਵਜੇ ਤੋਂ ਬਾਅਦ ਬਰਨਹੈਮਥੌਰਪ ਰੋਡ ਤੇ ਹਾਈਵੇਅ 427 ਉੱਤੇ ਕਈ ਹਾਦਸਿਆਂ ਦੀ ਰਿਪੋਰਟ ਪੁਲਿਸ ਨੂੰ ਮਿਲੀ। ਇੱਕ ਗੱਡੀ ਲੰਮੀਂ ਦੂਰੀ ਤੱਕ ਘਿਸਟਦੀ ਗਈ ਤੇ ਚਰਚ ਵਿੱਚ ਜਾ ਟਕਰਾਈ। ਪੁਲਿਸ ਨੇ ਦੱਸਿਆ ਕਿ ਇੱਕ ਮਸ਼ਕੂਕ ਨੇ ਕਾਰ ਨੂੰ ਅਗਵਾ ਕੀਤਾ ਤੇ ਕੁੱਝ ਸਮੇਂ ਬਾਅਦ ਉਸ ਨੂੰ ਟਰੱਕ ਦੇ ਪਿਛਲੇ ਹਿੱਸੇ ਵਿੱਚ ਦੇ ਮਾਰਿਆ। ਫਿਰ ਮਸ਼ਕੂਕ ਨੇ ਚੋਰੀ ਦੀ ਕਾਰ ਨੂੰ ਉੱਥੇ ਹੀ ਛੱਡਿਆ ਤੇ ਟਰੱਕ ਨੂੰ ਕਾਰਜੈਕ ਕਰ ਲਿਆ। ਉਹ ਟਰੱਕ ਨੂੰ ਭਜਾ ਕੇ ਲਿਜਾ ਰਿਹਾ ਸੀ ਪਰ ਚੋਰੀ ਦੀ ਕਾਰ ਟਰੱਕ ਦੇ ਪਿੱਛੇ ਹੀ ਫਸੀ ਰਹਿ ਗਈ ਤੇ ਦੂਰ ਤੱਕ ਘਿਸਟਦੀ ਗਈ।

ਫਿਰ ਅਖੀਰ ਉਹ ਕਾਰ ਆਪੇ ਹੀ ਕਿਤੇ ਜਾ ਕੇ ਟਰੱਕ ਦੇ ਪਿਛਲੇ ਹਿੱਸੇ ਤੋਂ ਬਾਹਰ ਨਿਕਲੀ ਤੇ ਹਾਈਡਰੋ ਪੋਲ ਨਾਲ ਜਾ ਟਕਰਾਈ ਤੇ ਫਿਰ ਚਰਚ ਵਿੱਚ ਹਾਦਸਾਗ੍ਰਸਤ ਹੋ ਗਈ।ਮਸ਼ਕੂਕ ਨੇ ਮਿਸੀਸਾਗਾ ਵੱਲ ਵਧਣਾ ਜਾਰੀ ਰੱਖਿਆ ਤੇ ਉਹ ਡਿਕਸੀ ਰੋਡ ਉੱਤੇ ਗਲਤ ਦਿਸ਼ਾ ਵੱਲ ਡਰਾਈਵ ਕਰਨ ਲੱਗਿਆ ਫਿਰ ਉਹ ਕੁਈਨਜ਼ਵੇਅ ਉੱਤੇ ਸਾਹਮਣੇ ਤੋਂ ਆ ਰਹੇ ਟਰੈਫਿਕ ਨਾਲ ਜਾ ਟਕਰਾਇਆ।

ਪੀਲ ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਰਾਤੀਂ 8:00 ਵਜੇ ਤੋਂ ਬਾਅਦ ਸੱਤ ਗੱਡੀਆਂ ਦੇ ਆਪਸ ਵਿੱਚ ਟਕਰਾਉਣ ਦੀ ਖਬਰ ਮਿਲੀ ਸੀ। ਇੱਕ ਮਹਿਲਾ ਨੂੰ ਮਾਮੂਲੀ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਪਰ ਪੁਲਿਸ ਨੇ ਆਖਿਆ ਕਿ ਐਨੀਆਂ ਗੱਡੀਆਂ ਦੇ ਹਾਦਸਾਗ੍ਰਸਤ ਹੋਣ ਤੋਂ ਬਾਅਦ ਵੀ ਕਿਸੇ ਦੇ ਗੰਭੀਰ ਰੂਪ ਵਿੱਚ ਜ਼ਖ਼ਮੀ ਨਾ ਹੋਣ ਨੂੰ ਚਮਤਕਾਰ ਹੀ ਆਖਿਆ ਜਾ ਸਕਦਾ ਹੈ।

ਇਸ ਸਬੰਧ ਵਿੱਚ 30 ਸਾਲਾ ਮਸ਼ਕੂਕ ਨੂੰ ਮਿਸੀਸਾਗਾ ਤੋਂ ਹਾਦਸੇ ਵਾਲੀ ਥਾਂ ਤੋਂ ਗ੍ਰਿਫਤਾਰ ਕੀਤਾ ਗਿਆ। ਪੁਲਿਸ ਪਹਿਲਾਂ ਤੋਂ ਹੀ ਉਸ ਮਸ਼ਕੂਕ ਨੂੰ ਜਾਣਦੀ ਸੀ ਤੇ ਦੋ ਪੁਲਿਸ ਅਧਿਕਾਰੀਆਂ ਨੂੰ ਉਸ ਨੂੰ ਗ੍ਰਿਫਤਾਰ ਕਰਨ ਲਈ ਕੀਤੀ ਗਈ ਜੱਦੋ ਜਹਿਦ ਵਿੱਚ ਮਾਮੂਲੀ ਸੱਟਾਂ ਵੀ ਲੱਗੀਆਂ।

# ਨਿਊਯਾਰਕ ਵਿੱਚ ਦੋ ਸਿੱਖਾਂ ਉੱਤੇ ਹਮਲਾ, ਇੱਕ ਦੋਸ਼ੀ ਗ੍ਰਿਫ਼ਤਾਰ

## * ਦਾੜ੍ਹੀ ਤੋਂ ਰੋਕਣ ਉੱਤੇ ਅਮਰੀਕੀ ਮੈਰੀਨ ਖਿਲਾਫ ਸਿੱਖ ਅਦਾਲਤ ਪਹੁੰਚੇ

ਨਿਊਯਾਰਕ, 13 ਅਪਰੈਲ, (ਪੋਸਟ ਬਿਊਰੋ)- ਅਮਰੀਕਾ ਦੇ ਨਿਊਯਾਰਕ ਵਿੱਚ ਫਿਰ ਦੋ ਸਿੱਖਾਂ ਉੱਤੇ ਹਮਲਾ ਹੋਇਆ ਹੈ। ਇਹ ਘਟਨਾ ਰਿਚਮੰਡ ਹਿਲਸ ਦੀ ਦੱਸੀ ਗਈ ਹੈ। ਨਿਊਯਾਰਕ ਵਿੱਚ ਭਾਰਤ ਦੇ ਕੌਂਸਲੇਟ ਜਨਰਲ ਨੇ ਇਹ ਸੂਚਨਾਦਿੱਤੀ ਤੇ ਇਸ ਘਟਨਾ ਦੀ ਨਿੰਦਾ ਕੀਤੀ ਹੈ। ਕੌਂਸਲੇਟ ਨੇ ਦੱਸਿਆ ਕਿ ਇਸ ਕੇਸਦਾਇੱਕਦੋਸ਼ੀ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਪੀੜਤਾਂ ਦੀ ਹਰ ਸੰਭਵ ਮਦਦ ਕੀਤੀ ਜਾ ਰਹੀ ਹੈ।



ਭਾਰਤ ਦੇ ਕੌਂਸਲੇਟ ਨੇ ਇਕ ਬਿਆਨ ਵਿੱਚ ਕਿਹਾ, 'ਰਿਚਮੰਡ ਹਿਲਸ ਨਿਊਯਾਰਕ ਵਿੱਚ ਦੋ ਸਿੱਖਾਂ ਉੱਤੇ ਹਮਲਾ ਨਿੰਦਣਯੋਗ ਹੈ। ਅਸੀਂ ਇਸ ਕੇਸ ਬਾਰੇ ਸਥਾਨਕ ਅਧਿਕਾਰੀਆਂ ਤੇ ਨਿਊਯਾਰਕ ਸਿਟੀ ਪੁਲਿਸ ਨਾਲ ਸੰਪਰਕ ਕੀਤਾ ਹੈ। ਪੁਲਸ ਨੇ ਸ਼ਿਕਾਇਤ ਦਰਜ ਕਰ ਕੇ ਇੱਕ ਵਿਅਕਤੀ ਗ੍ਰਿਫਤਾਰ ਕਰ ਲਿਆ ਹੈ। ਅਸੀਂ ਭਾਈਚਾਰੇ ਦੇ ਮੈਂਬਰਾਂ ਦੇ ਸੰਪਰਕ ਵਿੱਚ ਹਾਂ ਅਤੇ ਪੀੜਤਾਂ ਦੀ ਹਰ ਸੰਭਵ ਮਦਦ ਲਈ ਤਿਆਰ ਹਾਂ।' ਇਸ ਦੌਰਾਨ ਨਿਊਯਾਰਕ ਸਟੇਟ ਅਸੈਂਬਲੀ ਦੀ ਮੈਂਬਰ ਜੈਨੀਫਰ ਰਾਜਕੁਮਾਰ ਨੇ ਕਿਹਾ ਕਿ ਨਿਊਯਾਰਕ ਵਿੱਚਸਿੱਖਾਂ ਦੇ ਵਿਰੁੱਧ ਨਫ਼ਰਤੀ ਅਪਰਾਧ ਬਰਦਾਸ਼ਤ ਨਹੀਂ ਹੋ ਸਕਦੇ।ਉਨ੍ਹਾ ਕਿਹਾ, 'ਨਿਊਯਾਰਕ ਸਟੇਟ ਆਫਿਸ ਲਈ ਚੁਣੇ ਗਏ ਪਹਿਲੇ ਪੰਜਾਬੀ ਅਮਰੀਕਨ ਹੋਣ ਨਾਤੇਮੈਂ ਸਾਫਦੱਸਦੀ ਹਾਂ ਕਿ ਨਿਊਯਾਰਕ ਵਿੱਚਸਿੱਖ ਅਮਰੀਕੀ ਭਾਈਚਾਰੇ ਵਿਰੁੱਧ ਨਫ਼ਰਤੀ ਅਪਰਾਧਬਰਦਾਸ਼ਤ ਨਹੀਂ।'

ਇਸ ਦੌਰਾਨ ਅਮਰੀਕਾ ਵਿੱਚ ਚਾਰ ਸਿੱਖਾਂ ਨੇ ਦਾੜ੍ਹੀ ਰੱਖਣ ਤੋਂ ਰੋਕਣ ਉੱਤੇ ਮੈਰੀਨ ਕੋਰ ਦੇ ਖਿਲਾਫ ਅਦਾਲਤ ਵਿੱਚ ਪਹੁੰਚ ਕੀਤੀ ਹੈ। ਇਨ੍ਹਾਂ ਵਿੱਚੋਂ ਇੱਕ ਮੈਰੀਨ ਕੋਰ ਦਾ ਕੈਪਟਨ ਸੁਖਬੀਰ ਸਿੰਘ ਤੂਰ ਹੈ, ਜਿਸ ਨੇ ਬੀਤੇਇੱਕ ਸਾਲ ਤੋਂ ਦਾੜ੍ਹੀ ਤੇ ਪੱਗ ਬੰਨ੍ਹਣ ਦੀ ਮੁਹਿੰਮ ਚਲਾਈ ਹੋਈ ਸੀ, ਜਿਸ ਪਿੱਛੋਂ ਮਰੀਨ ਕੋਰ ਨੇ ਉਨ੍ਹਾਂ ਨੂੰ ਇਸ ਦੀ ਇਜਾਜ਼ਤ ਦਿੱਤੀ ਸੀ।ਪਿੱਛੇ ਜਿਹੇ ਮੈਰੀਨ ਕੋਰ ਨੇ ਤੂਰ ਸਮੇਤ ਕਿਸੇ ਵੀ ਸਿੱਖ ਨੂੰ ਜੰਗ ਦੀ ਤਾਇਨਾਤੀ ਜਾਂ ਬੂਟ ਕੈਂਪ ਦੌਰਾਨ ਦਾੜ੍ਹੀ ਰੱਖਣ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਮੈਰੀਨ ਕੋਰ ਮੁਤਾਬਕਦਾੜ੍ਹੀ ਇਸ ਕੋਰ ਦੀ ਕੰਮ ਸਮਰੱਥਾ ਪ੍ਰਭਾਵਿਤ ਕਰਦੀ ਤੇ ਜਾਨ ਖਤਰੇ ਵਿੱਚ ਪਾਉਂਦੀ ਹੈ।ਤੂਰ ਤੇ ਤਿੰਨ ਹੋਰ ਸਿੱਖਾਂ ਨੇ ਕੋਲੰਬੀਆ ਦੀ ਅਮਰੀਕੀ ਜ਼ਿਲਾ ਅਦਾਲਤ ਵਿੱਚ ਮੈਰੀਨ ਕੋਰ ਦੇ ਖਿਲਾਫ ਕੇਸ ਦਾਇਰ ਕੀਤਾ ਅਤੇ ਕਿਹਾ ਕਿ ਕੋਰ ਵੱਲੋਂ ਧਾਰਮਿਕ ਛੋਟ ਤੋਂ ਨਾਂਹ ਕਰਨਾ ਮਨਮਾਨੀ ਅਤੇ ਪੱਖਪਾਤੀ ਹੈ ਅਤੇ ਧਰਮ ਦੀ ਪਾਲਣਾਕਰਨ ਦੇ ਉਨ੍ਹਾਂ ਦੇ ਸੰਵਿਧਾਨਕ ਹੱਕ ਦੀ ਉਲੰਘਣਾ ਹੈ।

# ਓਸ਼ਵਾ ਵਿੱਚ ਚੱਲੀ ਗੋਲੀ, ਮਹਿਲਾ ਜ਼ਖ਼ਮੀ, ਪੁਰਸ਼ ਹਿਰਾਸਤ ਵਿੱਚ

ਓਸ਼ਵਾ, 13 ਅਪਰੈਲ (ਪੋਸਟ ਬਿਊਰੋ) : ਬੁੱਧਵਾਰ ਸਵੇਰੇ ਓਸ਼ਵਾ ਵਿੱਚ ਰਿਹਾਇਸ਼ੀ ਇਲਾਕੇ ਵਿੱਚ ਚੱਲੀ ਗੋਲੀ ਤੋਂ ਬਾਅਦ ਇੱਕ ਮਹਿਲਾਂ ਨੂੰ ਏਅਰਲਿਫਟ ਕਰਕੇ ਹਸਪਤਾਲ ਲਿਜ-ਾਇਆ ਗਿਆ।

ਡੀਨ ਐਵਨਿਊ ਤੇ ਨੌਰਮੈਂਡੀ ਸਟਰੀਟ ਦੇ ਨਾਲ ਲੱਗਦੇ ਇਲਾਕੇ ਵਿੱਚ ਇੱਕ ਘਰ ਨੇੜੇ ਇਹ ਸ਼ੂਟਿੰਗ ਦੀ ਘਟਨਾ ਵਾਪਰੀ। ਪੁਲਿਸ ਨੇ ਆਖਿਆ ਕਿ ਮਹਿਲਾ ਜ਼ਖ਼ਮੀ ਹਾਲਤ ਵਿੱਚ ਮਿਲੀ, ਉਸ ਨੂੰ ਇੱਕ ਗੋਲੀ ਲੱਗੀ ਹੋਈ ਸੀ। ਉਸ ਦੀ ਸਥਿਤੀ ਕਿੰਨੀ ਗੰਭੀਰ ਸੀ ਇਸ ਬਾਰੇ ਅਜੇ ਕੁੱਝ ਨਹੀਂ ਆਖਿਆ ਜਾ ਸਕਦਾ।

ਇਸ ਸ਼ੂਟਿੰਗ ਦੇ ਸਬੰਧ ਵਿੱਚ ਇੱਕ ਪੁਰਸ਼ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਅਜੇ ਤੱਕ ਇਹ ਵੀ ਪਤਾ ਨਹੀਂ ਲੱਗ ਸਕਿਆ ਹੈ ਕਿ ਉਸ ਉੱਤੇ ਕੀ ਚਾਰਜਿਜ਼ ਲਾਏ ਜਾਣਗੇ।

# ਬਰੁੱਕਲਿਨ ਸਬਵੇਅ ਸ਼ੂਟਿੰਗ ਲਈ ਜ਼ਿੰਮੇਵਾਰ ਵਿਅਕਤੀ ਗ੍ਰਿਫਤਾਰ

ਪੰਨਾ 1 ਦਾ ਬਾਕੀ

ਜੇਮਜ਼ ਦੀ ਭਾਲ ਇਸ ਲਈ ਕੀਤੀ ਜਾ ਰਹੀ ਸੀ ਕਿਉਂਕਿ ਉਸ ਨੇ ਇਸ ਹਮਲੇ ਤੋਂ ਪਹਿਲਾਂ ਇੱਕ ਵੈਨ ਕਿਰਾਏ ਉੱਤੇ ਲਈ ਸੀ। ਸ਼ੁਰੂ ਵਿੱਚ ਜਾਂਚਕਾਰਾਂ ਨੇ ਆਖਿਆ ਕਿ ਉਨ੍ਹਾਂ ਨੂੰ ਇਹ ਪੱਕਾ ਨਹੀਂ ਸੀ ਕਿ ਇਸ ਹਮਲੇ ਨੂੰ ਉਸ ਨੇ ਹੀ ਅੰਜਾਮ ਦਿੱਤਾ ਹੋਵੇਗਾ। ਪਰ ਫਿਰ ਉਨ੍ਹਾਂ ਜੇਮਜ਼ ਦੀਆਂ ਸੋਸ਼ਲ ਮੀਡੀਆ ਪੋਸਟਸ ਦਾ ਨਰੀਖਣ ਕੀਤਾ ਤਾਂ ਪਾਇਆ ਕਿ ਜੇਮਜ਼ ਵੱਲੋਂ ਅਮਰੀਕਾ ਨੂੰ ਨਸਲੀ ਥਾਂ ਦੱਸਿਆ ਗਿਆ ਸੀ ਤੇ ਇਹ ਵੀ ਆਖਿਆ ਗਿਆ ਸੀ ਕਿ ਇਹ ਦੇਸ਼ ਹਿੰਸਾ ਦਾ ਗੜ੍ਹ ਹੈ ਤੇ ਇਸ ਦੀ ਮੌਤ ਵੀ ਹਿੰਸਾ ਨਾਲ ਹੀ ਹੋਵੇਗੀ। ਕਈ ਵਾਰੀ ਉਸ ਵੱਲੋਂ ਸਿਟੀ ਦੇ ਮੇਅਰ ਐਰਿਕ ਐਡਮਜ਼ ਖਿਲਾਫ ਵੀ ਆਵਾਜ਼ ਉਠਾਈ ਗਈ ਸੀ। ਪੁਲਿਸ ਕਮਿਸ਼ਨਰ ਕੀਚੈਂਟ ਸਿਊਵੈਲ ਨੇ ਇਨ੍ਹਾਂ ਪੋਸਟਸ ਨੂੰ ਚਿੰਤਾਜਨਕ ਦੱਸਿਆ ਤੇ ਜੇਮਜ਼ ਲਈ ਸਕਿਊਰਿਟੀ ਹੋਰ ਸਖ਼ਤ ਕਰ ਦਿੱਤੀ ਗਈ।

# ਪੁਰਾਣੀ ਰੰਜਿਸ਼ ਕਾਰਨ 'ਆਪ' ਵਰਕਰ ਦਾ ਗੋਲੀਆਂ ਮਾਰ ਕੇ ਕਤਲ



ਜ਼ੀਰਾ, 13 ਅਪ੍ਰੈਲ (ਪੋਸਟ ਬਿਊਰੋ)- ਨੇੜਲੇ ਪਿੰਡ ਮਸਤੇਵਾਲਾ ਵਿਖੇ ਪੁਰਾਣੀ ਰੰਜਿਸ਼ ਕਾਰਨ ਆਮ ਆਦਮੀ ਪਾਰਟੀ ਦੇ ਇੱਕ ਵਰਕਰ ਦਾ ਦਿਨ-ਦਿਹਾੜੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਹੈ।

ਮ੍ਰਿਤਕ ਦਲਜੀਤ ਸਿੰਘ (34) ਦੇ ਭਰਾ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਉਹ ਕਣਕ ਦੀ ਕਟਾਈ ਕਰਨ ਬਾਰੇ ਮੋਟਰਸਾਈਕਲ ਉੱਤੇ ਆਪਣੇ ਖੇਤ ਗੇੜਾ ਮਾਰਨ ਜਾ ਰਹੇ ਸਨ ਕਿ ਰਸਤੇ ਵਿੱਚ ਪਹਿਲਾਂ ਤੋਂ ਹੀ ਬੈਠੇ ਨਿਰਵੈਰ ਸਿੰਘ, ਬਖਸ਼ੀਸ਼ ਸਿੰਘ, ਲੱਖਾ ਸਿੰਘ, ਰਣਜੀਤ ਸਿੰਘ, ਗੁਰਦਿਆਲ ਸਿੰਘ ਅਤੇ ਸੋਨੂੰ ਸਮੇਤ ਕੁਝ ਅਣਪਛਾਤੇ ਬੰਦਿਆਂ ਨੂੰ ਸਾਨੂੰ ਘੇਰ ਲਿਆ ਅਤੇ ਨਿਰਵੈਰ ਸਿੰਘ ਨੇ ਦਲਜੀਤ ਸਿੰਘ ਉੱਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਦੋ ਗੋਲੀਆਂ ਭਰਾ ਦੇ ਸਿਰ ਵਿੱਚ ਲੱਗੀਆਂ। ਗੁਰਪ੍ਰੀਤ ਸਿੰਘ ਨੇ ਆਪਣੀ ਜਾਨ ਬਚਾਉਂਦਿਆਂ ਪਿੰਡ ਵਿੱਚ ਰੌਲਾ ਪਾ ਕੇ ਲੋਕ ਇਕੱਠੇ ਕੀਤੇ ਤੇ ਵਾਪਸ ਆ ਕੇ ਵੇਖਿਆ ਤਾਂ ਉਸ ਦੇ ਭਰਾ ਦਲਜੀਤ ਸਿੰਘ ਦੀ ਮੌਤ ਹੋ ਚੁੱਕੀ ਸੀ।ਪਿੰਡ ਮਸਤੇਵਾਲਾ ਵਿਖੇ ਚੱਲੀ ਇਸ ਗੋਲੀ ਦੌਰਾਨ ਦੋਸ਼ੀ ਧਿਰ ਦੇ ਵੀ ਇੱਕ ਵਿਅਕਤੀ ਨਿਸ਼ਾਨ ਸਿੰਘ ਪੁੱਤਰ ਬਚਿੱਤਰ ਸਿੰਘ ਵਾਸੀ ਪਿੰਡ ਮਸਤੇਵਾਲਾ ਦੀ ਲੱਤ ਵਿੱਚ ਗੋਲੀ ਦੇ ਛਰੇ ਲੱਗੇ ਹਨ, ਜਿਸ ਨੂੰ ਸਿਵਲ ਹਸਪਤਾਲ ਜ਼ੀਰਾ ਦੇ ਡਾਕਟਰਾਂ ਨੇ ਲੁਧਿਆਣਾ ਭੇਜ ਦਿੱਤਾ ਹੈ।ਵਰਨਣ ਯੋਗ ਹੈ ਕਿ ਪਿੱਛਲੇ ਲੰਬੇ ਸਮੇਂ ਤੋਂ ਦੋਹਾਂ ਧਿਰਾਂ ਦੀ ਆਪਸੀ ਰੰਜਿਸ਼ ਚੱਲਦੀ ਆ ਰਹੀ ਹੈ, ਜਿਸ ਬਾਰੇ ਦੋਵਾਂ ਧਿਰਾਂ ਵੱਲੋਂ ਇੱਕ-ਦੂਸਰੇ ਦੇ ਖ਼ਿਲਾਫ਼ ਕਰਾਸ ਪਰਚੇ ਵੀ ਦਰਜ ਕਰਵਾਏ ਗਏ ਹਨ।



















## ਅੱਜ ਨਾਮਾ

ਈ ਡੀ ਵਾਲੇ ਆ ਕਾਂਗਰਸ ਦੇ ਪਏ ਪਿੱਛੇ,
ਵਾਰੋ-ਵਾਰੀ ਆ ਲੀਡਰ ਬੁਲਵਾਈ ਜਾਂਦੇ।
ਦੋਸ਼ੀਆਂ ਵਾਂਗ ਬਿਠਾਉਂਦੇ ਨੇ ਸੱਦ ਮੂਹਰੇ,
ਲੜੀ ਕੁਝ ਤਿੱਖੇ ਸਵਾਲਾਂ ਦੀ ਲਾਈ ਜਾਂਦੇ।
ਚੱਲਦਾ ਜਿਹੜਾ ਅਖਬਾਰ ਸੀ ਪਾਰਟੀ ਦਾ,
ਉਹਦਾ ਖਾਤਾ ਉਹ ਗਿਣੀ ਗਿਣਾਈ ਜਾਂਦੇ।
ਕੱਢਿਆ ਕਿੱਥੋਂ ਸੀ ਪੈਸਾ ਜਾਂ ਗਿਆ ਕਿੱਥੇ,
ਉਸ ਵਿੱਚ ਘਪਲੇ ਦਾ ਕੇਸ ਬਣਾਈ ਜਾਂਦੇ।
ਆਪਣਾ ਰਾਜ ਸੀ ਕੀਤੀ ਪ੍ਰਵਾਹ ਕੋਈ ਨਹੀਂ,
ਮਾਇਆ ਕੌਡੀਆਂ ਵਾਂਗ ਰਹੀ ਖੜਕਦੀ ਆ।
ਉਸੇ ਮੁੱਦੇ ਲਈ ਈ ਡੀ ਹੈ ਮਗਰ ਪੈ ਗਈ,
ਇੱਕ ਇੱਕ ਇੰਟਰੀ ਓਸ ਨੂੰ ਰੜਕਦੀ ਆ।

**ਤੀਸ ਮਾਰ ਖਾਂ**

# ਸਾਬਕਾ ਮੁੱਖ ਮੰਤਰੀ ਚੰਨੀ ਖਿਲਾਫ ਨਾਜਾਇਜ਼ ਰੇਤ ਮਾਈਨਿੰਗ ਦੀ ਜਾਂਚ ਈ ਡੀ ਵੱਲੋਂ ਸ਼ੁਰੂ

### * ਚੰਨੀ ਨੂੰ ਜਾਂਚ ਲਈ ਪੇਸ਼ ਹੋਣ ਦੇ ਸੰਮਨ ਜਾਰੀ



ਚੰਡੀਗੜ੍ਹ, 13 ਅਪਰੈਲ, (ਪੋਸਟ ਬਿਊਰੋ)-ਪੰਜਾਬ ਵਿੱਚ ਨਾਜਾਇਜ਼ ਰੇਤ ਮਾਈਨਿੰਗ ਤੇ ਅਫਸਰਾਂ ਦੀਆਂ ਬਦਲੀਆਂ ਤੇ ਨਿਯੁਕਤੀਆਂ ਨਾਲ ਕਰੋੜਾਂ ਰੁਪਏ ਦੀ ਕਮਾਈ ਕਰਨ ਦੇ ਦੋਸ਼ ਵਿੱਚਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਬੁਰੀ ਤਰ੍ਹਾਂ ਘਿਰ ਗਏ ਹਨ।ਈ ਡੀ ਨੇ ਚੰਨੀ ਨੂੰ ਪੁੱਛਗਿੱਛ ਲਈ ਸੰਮਨ ਜਾਰੀ ਕਰ ਦਿੱਤਾ ਹੈ।

ਵਰਨਣ ਯੋਗ ਹੈ ਕਿ ਪਿਛਲੇ ਸਾਲ ਚਰਨਜੀਤ ਸਿੰਘ ਚੰਨੀ ਦੇ ਪੰਜਾਬ ਦਾ ਮੁੱਖ ਮੰਤਰੀ ਹੁੰਦਿਆਂ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਚੰਨੀ ਦੇ ਰਿਸ਼ਤੇਦਾਰ (ਸਾਲੀ ਦਾ ਪੁੱਤਰ) ਭੁਪਿੰਦਰ ਸਿੰਘ ਹਨੀ ਦੇ ਟਿਕਾਣਿਆਂ ਉੱਤੇ ਛਾਪੇ ਮਾਰੇ ਤਾਂਈ ਡੀ ਟੀਮ ਨੇ 10 ਕਰੋੜ ਰੁਪਏ ਅਤੇ ਕਈ ਕੁਝ ਹੋਰ ਬਰਾਮਦ ਕੀਤਾ ਸੀ। ਇਸ ਪਿੱਛੋਂ ਪੁੱਛਗਿੱਛ ਮੌਕੇ ਉਸ ਨੂੰ ਗ੍ਰਿਫ਼ਤਾਰ ਕਰ ਕੇ ਜਾਂਚ ਮਗਰੋਂ ਜੇਲ੍ਹ ਭੇਜ ਦਿੱਤਾ ਗਿਆ ਸੀ।ਜਦੋਂ ਹਨੀ ਨੇ ਅਦਾਲਤ ਵਿੱਚ ਜ਼ਮਾਨਤ ਅਰਜ਼ੀ ਲਾਈ ਤਾਂ ਰੱਦ ਹੋ ਗਈ। ਉਸ ਉੱਤੇ ਦੋਸ਼ ਹੈ ਕਿ ਉਸ ਨੇ ਆਪਣੇ ਮਾਸੜ ਚਰਨਜੀਤ ਸਿੰਘ ਚੰਨੀ ਦੇ ਇਸ਼ਾਰੇ ਉੱਤੇ ਨਾਜਾਇਜ਼ ਮਾਈਨਿੰਗ ਕਰਵਾ ਕੇਵਾਤਾਵਰਨ ਨੂੰ ਨੁਕਸਾਨ ਪੁਚਾਇਆ ਅਤੇ ਕਰੋੜਾਂ ਰੁਪਏ ਦੀ ਕਮਾਈ ਕੀਤੀ ਹੈ।

ਉਸ ਜਾਂਚ ਦੌਰਾਨ ਈ ਡੀ ਦੀ ਟੀਮ ਨੇ ਹਨੀ ਦੇ ਲੁਧਿਆਣਾ ਤੇ ਸ਼ਹਿਰਾਂ ਵਿ-ਚਲੇ ਟਿਕਾਣਿਆਂ ਉੱਤੇ ਛਾਪੇਮਾਰਕੇ 10 ਕਰੋੜ ਰੁਪਏ ਨਕਦੀ ਤੋਂ ਇਲਾਵਾ ਉਸਤੋਂ ਲੱਖਾਂ ਰੁਪਏ ਦੀ ਕੀਮਤੀ ਘੜੀਆਂ ਤੇ ਹੋਰ ਸਾਮਾਨ ਬਰਾਮਦ ਕੀਤਾ ਸੀ। ਹਨੀ ਦੇ ਬਾਰੇ ਇਹ ਜਾਂਚ ਵੀ ਚੱਲਦੀ ਸੀ ਕਿ ਉਸ ਕੋਲ 10 ਕਰੋੜ ਰੁਪਏ ਕਿੱਥੋਂ ਆਏ। ਕਿਤੇ ਇਹਪੈਸੇ ਉਸ ਕੋਲਮੁੱਖ ਮੰਤਰੀ ਚੰਨੀ ਦੀ ਨਾਜਾਇਜ਼ ਕਮਾਈ ਦੇ ਹਿੱਸੇ ਵਾਲੇ ਤਾਂ ਨਹੀਂ। ਚੰਨੀ ਨੇ ਇਸ ਕੇਸ ਵਿੱਚ ਖ਼ੁਦ ਨੂੰ ਸਾਫ਼ ਦੱਸ ਕੇ ਕਿਹਾ ਸੀ ਕਿ ਜੇ ਉਨ੍ਹਾਂ ਦੇ ਕਿਸੇ ਰਿਸ਼ਤੇਦਾਰ ਨੇ ਗ਼ਲਤ ਕੰਮ ਕੀਤਾ ਹੈ ਤਾਂ ਭੁਗਤੇ। ਚੰਨੀ ਨੇ ਪੂਰੇ ਕੇਸ ਤੋਂ ਖ਼ੁਦ ਨੂੰ ਵੱਖ ਕਰ ਲਿਆ ਸੀ। ਇਸ ਕੇਸ ਵਿੱਚ 30 ਮਾਰਚ ਨੂੰ ਈ ਡੀ ਟੀਮ ਨੇ ਹਨੀ ਖ਼ਿਲਾਫ਼ ਅਦਾਲਤ ਵਿੱਚ ਚਲਾਨ ਪੇਸ਼ ਕੀਤਾ ਅਤੇ 6 ਅਪ੍ਰੈਲ ਨੂੰ ਜਲੰਧਰ ਵਿਚਲੀਈ ਡੀ ਅਦਾਲਤਨੇ ਹਨੀ ਨੂੰ ਫਿਰ ਜੇਲ੍ਹਭੇਜ ਦਿੱਤਾ ਸੀ।

ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਈ ਡੀਵੱਲੋਂਤਾਜ਼ਾ ਸੰਮਨ ਜਾਰੀ ਹੋਣ ਤੋਂ ਬਾਅਦ ਕਾਂਗਰਸ ਦੀ ਸਿਆਸਤ ਫਿਰ ਭਖ ਸਕਦੀ ਹੈ।ਪੰਜਾਬ ਵਿੱਚ ਚੰਨੀ ਦੀ ਅਗਵਾਈਹੇਠ ਕਾਂਗਰਸ ਦੀ ਸ਼ਰਮਨਾਕ ਹਾਰ ਨੂੰ ਨਵਜੋਤ ਸਿੰਘ ਸਿੱਧੂ ਵਰਗੇ ਨੇਤਾਵਾਂ ਨੇ ਉਸ ਦੇ ਪਰਵਾਰਕ ਮੈਂਬਰਾਂ ਦੇ ਭ੍ਰਿਸ਼ਟਾਚਾਰ ਨਾਲ ਕਈ ਵਾਰੀ ਜੋੜਿਆ ਹੈ। ਕੁਝ ਦਿਨ ਪਹਿਲਾਂ ਕਾਂਗਰਸੀ ਵਿਧਾਇਕਾਂ ਦੀ ਮੀਟਿੰਗ ਵਿੱਚ ਵੀ ਮੁੱਦਾ ਉੱਠਿਆ ਸੀ।ਈ ਡੀਅਫਸਰਾਂ ਦਾ ਕਹਿਣਾ ਹੈ ਕਿ ਚੰਨੀ ਦਾ ਭਾਣਜਾ ਹਨੀ ਰੇਤ ਦੀ ਗ਼ੈਰ-ਕਾਨੂੰਨੀ ਮਾਈਨਿੰਗ ਤੇ ਅਧਿਕਾਰੀਆਂ ਦੇ ਤਬਾਦਲੇ ਅਤੇ ਤਾਇਨਾਤੀ ਕਰਨ ਬਦਲੇ ਏਦਾਂ ਦੀ ਕਮਾਈ ਮੁੱਖ ਮੰਤਰੀ ਚੰਨੀ ਦੀ ਸਹਿਮਤੀ ਦੇ ਬਿਨਾਂ ਕਦੀ ਨਹੀਂ ਸੀ ਕਰ ਸਕਦਾ।

# ਸਰਕਾਰ ਬਦਲੀ, ਹਾਲਾਤ ਬਦਲੇ: ਨਵਾਜ਼ ਸ਼ਰੀਫ ਅਤੇ ਇਸਹਾਕ ਡਾਰ ਦੇ ਪਾਸਪੋਰਟ ਰੀਨਿਊ ਕਰਨ ਦੇ ਨਿਰਦੇਸ਼ ਜਾਰੀ



ਇਸਲਾਮਾਬਾਦ, 13 ਅਪਰੈਲ, (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਪ੍ਰਧਾਨ ਮੰਤਰੀ ਵਜੋਂ ਇਮਰਾਨ ਖਾਨ ਦੇ ਸੱਤਾ ਛੱਡ ਜਾਣ ਤੇ ਨਵੇਂ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਦੇ ਸਹੁੰ ਚੁੱਕਣ ਨਾਲ ਹਾਲਾਤ ਬਦਲ ਗਏ ਹਨ। ਨਵੇਂ ਪ੍ਰਧਾਨ ਮੰਤਰੀ ਦੇ ਸੱਤਾ ਸੰਭਾਲਦੇ ਹੀ ਪਾਕਿਸਤਾਨ ਦੇ ਗ੍ਰਹਿ ਮੰਤਰਾਲੇ ਨੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਤੇ ਸਾਬਕਾ ਵਿੱਤ ਮੰਤਰੀ ਇਸਹਾਕ ਡਾਰ ਦੇ ਪਾਸਪੋਰਟ ਰਿਨੀਊ ਕਰਨ ਦੇ ਨਿਰਦੇਸ਼ ਜਾਰੀ ਕਰ ਦਿੱਤੇ ਹਨ। ਅੱਜ ਬੁੱਧਵਾਰ ਸਰਕਾਰੀ ਤੌਰ ਉੱਤੇ ਮਿਲੀ ਸੂਚਨਾ ਅਨੁਸਾਰ ਨਵਾਜ਼ ਸ਼ਰੀਫ ਦੇ ਛੋਟੇ ਭਰਾ ਸ਼ਾਹਬਾਜ਼ ਸ਼ਰੀਫ ਦੇ ਦੇਸ਼ ਦਾ ਨਵਾਂ ਪ੍ਰਧਾਨ ਮੰਤਰੀ ਬਣਨ ਪਿੱਛੋਂ ਨਵਾਜ਼ ਦੀ ਲੰਡਨ ਤੋਂ ਦੇਸ਼ ਵਾਪਸੀ ਬਾਰੇ ਸੱਤਾਧਾਰੀ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀਐੱਮਐੱਲ-ਐੱਨ) ਵਿੱਚ ਚਰਚਾ ਚੱਲ ਪਈ ਹੈ।ਇਸ ਬਾਰੇ ਜੀਓ ਟੀਵੀ ਨੇ ਸੂਤਰਾਂ ਦੇ ਹਵਾਲੇ ਨਾਲ ਕਿਹਾ ਹੈ ਕਿ ਲੰਡਨ ਵਿੱਚ ਪਾਕਿਸਤਾਨੀ ਹਾਈ ਕਮਿਸ਼ਨ ਨੂੰ ਪੀਐੱਮਐੱਲ-ਐੱਨ ਨੇਤਾਵਾਂ ਦੇ ਪਾਸ-ਪੋਰਟ ਰਿਨਿਊ ਕਰਨ ਦੇ ਨਿਰਦੇਸ਼ ਮਿਲ ਗਏ ਹਨ। ਪਿਛਲੀ ਇਮਰਾਨ ਖਾਨ ਦੀ ਅਗਵਾਈ ਵਾਲੀ ਸਰਕਾਰ ਨੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ (72 ਸਾਲ) ਦੇ ਖਿਲਾਫ ਭ੍ਰਿਸ਼ਟਾਚਾਰ ਦੇ ਕਈ ਕੇਸ ਬਣਾਏ ਸਨ। ਪਨਾਮਾ ਪੇਪਰਜ਼ ਕੇਸ ਵਿੱਚਨਵਾਜ਼ ਸ਼ਰੀਫ ਦਾ ਨਾਂ ਆਉਣ ਪਿੱਛੋਂ ਜੁਲਾਈ 2017 ਵਿੱਚ ਸੁਪਰੀਮ ਕੋਰਟ ਦੇ ਹੁਕਮ ਉੱਤੇਉਨ੍ਹਾਂ ਨੂੰ ਅਹੁਦਾ ਛੱਡਣਾ ਪਿਆ ਅਤੇ ਲਾਹੌਰ ਹਾਈ ਕੋਰਟ ਤੋਂ ਇਲਾਜ ਲਈ ਚਾਰ ਹਫ਼ਤੇ ਵਿਦੇਸ਼ ਜਾਣ ਦੀ ਇਜਾਜ਼ਤ ਲੈਣ ਪਿੱਛੋਂਉਹ 2019 ਵਿੱਚ ਲੰਡਨ ਗਏ ਅਤੇ ਹਾਈ ਕੋਰਟ ਨੂੰ ਚਾਰ ਹਫ਼ਤੇਵਿੱਚਦੇਸ਼ਮੁੜਨ ਜਾਂ ਕਾਨੂੰਨੀ ਪ੍ਰਕਿਰਿਆ ਦਾ ਸਾਹਮਣਾ ਕਰਨ ਲਈਐਫੀਡੇਵਿਟਦਿੱਤਾ ਸੀ, ਇਸ ਦੇ ਬਾਵਜੂਦ ਫਿਰ ਉਹ ਪਾਕਿਸਤਾਨ ਵਾਪਸ ਨਹੀਂ ਸੀ ਆਏ ਅਤੇ ਇਮਰਾਨ ਖਾਨ ਸਰਕਾਰ ਨੇ ਨਵਾਜ਼ ਸ਼ਰੀਫ ਦਾ ਪਾਸਪੋਰਟ ਰੀਨਿਊ ਕਰਨੋਂ ਨਾਂਹ ਕਰ ਦਿੱਤੀ ਸੀ, ਜਿਸ ਦੀ ਮਿਆਦ ਪਿਛਲੇ ਸਾਲ ਫਰਵਰੀ ਵਿੱਚ ਖ਼ਤਮ ਹੋ ਗਈ ਸੀ।ਓਦੋਂ ਦੇ ਗ੍ਰਹਿ ਮੰਤਰੀ ਸ਼ੇਖ ਰਾਸ਼ਿਦ ਨੇ ਕਿਹਾ ਸੀ ਕਿ ਨਵਾਜ਼ ਸ਼ਰੀਫਮੁੜਨਾ ਚਾਹੁਣਗੇ ਤਾਂ ਉਨ੍ਹਾਂ ਨੂੰ ਟਰੈਵਲ ਡਾਕੂਮੈਂਟ ਜਾਰੀ ਕੀਤਾ ਜਾ ਸਕਦਾ ਹੈ, ਪਰ ਪਾਸਪੋਰਟ ਨਹੀਂ ਦੇ ਸਕਦੇ।ਨਵਾਜ਼ ਸ਼ਰੀਫ਼ ਨੂੰ ਅਲ-ਅਜ਼ੀਜ਼ੀਆ ਮਿਲਜ਼ ਭ੍ਰਿਸ਼ਟਾਚਾਰ ਕੇਸਵਿੱਚ ਜ਼ਮਾਨਤ ਮਿਲ ਗਈ ਸੀ, ਜਿਸ ਵਿੱਚ ਉਹ ਲਾਹੌਰ ਦੀ ਕੋਟ ਲਖਪਤ ਜੇਲ੍ਹ ਵਿੱਚ ਸੱਤ ਸਾਲ ਸਜ਼ਾ ਕੱਟ ਰਹੇ ਸਨ ਅਤੇ ਉਨ੍ਹਾਂ ਨੂੰ ਤੋਸ਼ਾਖਾਨਾ ਕੇਸ ਵਿੱਚਵੀ ਅਦਾਲਤ ਨੇ ਭਗੌੜਾ ਕਰਾਰ ਦਿੱਤਾ ਹੋਇਆ ਸੀ।

# ਪੰਜਾਬ ਸਰਕਾਰ ਨੇ ਪੇਂਡੂ ਵਿਕਾਸ ਫੰਡ ਵਰਤਣ ਦੇ ਨਿਯਮ ਸੋਧੇ

### * ਫੰਡ ਦੀ ਹੋਰ ਥਾਂਈਂ ਦੁਰਵਰਤੋਂ ਦਾ ਰਾਹ ਰੋਕਿਆ ਗਿਆ




ਚੰਡੀਗੜ੍ਹ, 13 ਅਪਰੈਲ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਮੰਤਰੀ ਮੰਡਲ ਨੇ ਪੰਜਾਬ ਪੇਂਡੂ ਵਿਕਾਸ (ਸੋਧ) ਆਰਡੀਨੈਂਸ-2022 ਪ੍ਰਵਾਨ ਕਰ ਲਿਆ ਹੈ।

ਅੱਜ ਏਥੇ ਮੁੱਖ ਮੰਤਰੀ ਦੀ ਅਗਵਾਈ ਵਿੱਚਕੈਬਨਿਟਬੈਠਕਵਿੱਚ ਫੈਸਲਾ ਲਏ ਜਾਣ ਪਿੱਛੋਂ ਪੰਜਾਬ ਸਰਕਾਰ ਦੇ ਬੁਲਾਰੇ ਨੇ ਦੱਸਿਆ ਕਿਨਵੀਂ ਸੋਧਨਾਲ ਭਾਰਤ ਸਰਕਾਰ ਦੇ ਖਪਤਕਾਰ ਕੇਸ, ਖੁਰਾਕ ਅਤੇ ਜਨਤਕ ਵੰਡ ਮੰਤਰਾਲੇ ਦੇ ਵਿਭਾਗ ਵੱਲੋਂ 24 ਫਰਵਰੀ 2020 ਨੂੰ ਤੈਅ ਕੀਤੇ ਸੋਧੇ ਹੋਏ ਨਿਯਮ ਮੁਤਾਬਕ ਪੰਜਾਬ ਪੇਂਡੂ ਵਿਕਾਸ ਐਕਟ-1987 ਦੀਸੋਧ ਕੀਤੀ ਗਈ ਹੈ। ਵਰਨਣ ਯੋਗ ਹੈ ਕਿ ਭਾਰਤ ਸਰਕਾਰ ਨੇ ਪਿਛਲੇ ਸਮੇਂ ਵਿੱਚ ਕਈ ਵਾਰ ਦੁਹਰਾਇਆ ਸੀ ਕਿ ਪੇਂਡੂ ਵਿਕਾਸ ਦੇ ਫੰਡਾਂ ਦੀ ਹੋਰ ਥਾਂ ਵਰਤੋਂ ਨਹੀਂ ਕੀਤੀ ਜਾਣੀ ਚਾਹੀਦੀ, ਪਰ ਇਸ ਦੇ ਬਾਵਜੂਦ ਪੰਜਾਬ ਦੀਆਂ ਪਿਛਲੀਆਂ ਦੋ ਸਰਕਾਰਾਂ ਦੇ ਦੌਰਾਨ ਪੰਦਰਾਂ ਸਾਲ ਦੁਰਵਰਤੋਂ ਹੁੰਦੀ ਰਹੀ ਸੀ। ਅੱਜ ਕੀਤੀ ਗਈ ਸੋਧ ਦੇ ਬਾਅਦ ਪੇਂਡੂ ਵਿਕਾਸ ਫੰਡ ਦੀ ਵਰਤੋਂ ਸਿਰਫ ਵਿਕਾਸ ਕੰਮਾਂ ਵਾਸਤੇ ਹੀ ਹੋ ਸਕੇਗੀ, ਹੋਰ ਕਿਸੇ ਕੰਮ ਨਹੀਂ ਖਰਚਿਆ ਜਾ ਸਕੇਗਾ।

ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਅਨੁਸਾਰ ਅੱਗੇ ਤੋਂ ਆਰ ਡੀ ਐੱਫਜਿਨ੍ਹਾਂ ਵੱਖ-ਵੱਖ ਕਾਰਜਾਂਲਈ ਖਰਚ ਕੀਤਾ ਜਾਵੇਗਾ, ਉਨ੍ਹਾਂ ਵਿੱਚ ਮੰਡੀਆਂ/ਖਰੀਦ ਕੇਂਦਰਾਂ ਤੱਕ ਪਹੁੰਚ ਸੜਕਾਂ ਬਣਾਉਣਾ ਜਾਂ ਮੁਰੰਮਤ ਕਰਨਾ ਤੇ ਸਟਰੀਟ ਲਾਈਟਾਂ ਲਾਉਣਾ, ਕਿਸਾਨਾਂ ਨੂੰ ਫਸਲ ਦੀ ਢੋਆ-ਢੁਆਈ ਦੀ ਸੌਖ ਕਰਨਾ, ਨਵੀਆਂ ਮੰਡੀਆਂ/ਖਰੀਦ ਕੇਂਦਰ ਬਣਾਉਣੇ /ਵਿਕਾਸ ਕਰਨਾ ਤੇ ਪੁਰਾਣੀਆਂ ਮੰਡੀਆਂ/ਕੱਚੇ ਫੜ੍ਹਾਂ/ਖਰੀਦ ਕੇਂਦਰਾਂ ਦਾ ਵਿਕਾਸ, ਪੀਣ ਦੇ ਪਾਣੀ ਦੀ ਸਪਲਾਈ ਦਾ ਪ੍ਰਬੰਧ ਅਤੇ ਮੰਡੀਆਂ/ਖਰੀਦ ਕੇਂਦਰਾਂ ਵਿੱਚ ਸਫਾਈ ਦਾ ਸੁਧਾਰ, ਖਰੀਦ ਕੰਮਾਂ ਵੇਲੇ ਕਿਸਾਨਾਂ ਤੇ ਮਜ਼ਦੂਰਾਂ ਲਈ ਸਹੂਲਤਾਂ ਨਾਲ ਲੈਸ ਰੈਸਟ ਹਾਊਸ/ਰੈਣ ਬਸੇਰੇ/ਸ਼ੈੱਡ ਬਣਾਉਣਾ ਸ਼ਾਮਲ ਹੈ। ਇਸੇ ਤਰ੍ਹਾਂ ਪੇਂਡੂ ਵਿਕਾਸ ਫੰਡ ਖਰੀਦੀ ਗਈ ਫਸਲ ਨੂੰ ਸਟੋਰ ਕਰਨ ਲਈ ਮੰਡੀਆਂ ਵਿੱਚ ਸਟੋਰੇਜ ਵਧਾਉਣ ਲਈ ਖਰਚ ਕੀਤਾ ਜਾਵੇਗਾ ਤਾਂ ਜੋ ਖਰੀਦ ਤੇ ਮੰਡੀਕਰਨਮਜ਼ਬੂਤ ਕੀਤਾ ਜਾ ਸਕੇ। ਕਰਜ਼ੇ ਦੇ ਬੋਝ ਹੇਠ ਦੱਬੇ ਕਿਸਾਨਾਂ ਨੂੰ ਰਾਹਤ ਦੇਣਾ ਤਾਂ ਜੋ ਦਬਾਅ ਹੇਠ ਫਸਲ ਦੀ ਵਿਕਰੀ ਰੋਕੀ ਜਾ ਸਕੇ। ਮੰਡੀ ਜਾਂ ਸੂਬਾ ਪੱਧਰ ਉਤੇ ਫਸਲ ਖਰੀਦ ਜਾਂ ਜ਼ਮੀਨੀ ਰਿਕਾਰਡ, ਫਸਲ ਸਰਵੇਖਣ, ਕਿਸਾਨਾਂ ਦੀ ਕੰਪਿਊਟ੍ਰੀਕਿਤ ਪਛਾਣ ਬਾਰੇ ਹਾਰਡਵੇਅਰ/ਸਾਫਟਵੇਅਰ ਦਾ ਵਿਕਾਸ, ਜੋ ਪਾਰਦਰਸ਼ਤਾ ਸੁਧਾਰਨ ਦੇ ਨਾਲ ਖਰੀਦ ਕਾਰਜ ਸੌਖੈ ਬਣਾ ਸਕਦਾ ਹੈ। ਇਸੇ ਤਰ੍ਹਾਂ ਕੰਪਿਊਟਰਾਈਜ਼ਡ ਇਲੈਕਟ੍ਰਾਨਿਕ ਕੰਡਾ, ਤੋਲ ਦੀਆਂਸਹੂਲਤਾਂ, ਕੁਆਲਟੀ ਜਾਂਚ ਵਾਲੇ ਜੰਤਰ, ਮੰਡੀ/ਖਰੀਦ ਕੇਂਦਰਾਂ ਵਿੱਚਸਹੂਲਤਾਂ ਦੀ ਘੋਖ ਅਤੇ ਇਸ ਦਾ ਈ-ਖਰੀਦ ਵਿਧੀ ਨਾਲ ਏਕੀਕਰਣ ਤੋਂ ਇਲਾਵਾ ਸਫਾਈ, ਛਾਂਟੀ, ਸੁਕਾਉਣ, ਅਨਾਜ ਕੁਆਲਟੀ ਦੀ ਸਟੱਡੀ, ਬਾਰਦਾਨਾ ਤੇ ਸਿਲਾਈ ਸਹੂਲਤਾਂ ਨੂੰ ਮਜ਼ਬੂਤ ਕੀਤਾ ਜਾ ਸਕਦਾ ਹੈ।

# ਇਮਰਾਨ ਖ਼ਾਨ ਉੱਤੇ ਤੋਹਫ਼ੇ ਵਿੱਚ ਮਿਲਿਆ ਕੀਮਤੀ ਹਾਰ ਵੇਚਣ ਦਾ ਦੋਸ਼ ਲੱਗਾ, ਜਾਂਚ ਸ਼ੁਰੂ



ਪ੍ਰਧਾਨ ਮੰਤਰੀ ਇਮਰਾਨ ਖਾਨ ਖਿਲਾਫ ਤੋਸ਼ਾਖਾਨਾ ਤੋਂ ਕੀਮਤੀ ਹਾਰ ਵੇਚ ਕੇ ਦੇਸ਼ ਦੇ ਖ਼ਜ਼ਾਨੇ ਨੂੰ ਨੁਕਸਾਨ ਪੁਚਾਉਣ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਇਸਲਾਮਾਬਾਦ, 13 ਅਪਰੈਲ, (ਪੋਸਟ ਬਿਊਰੋ)-ਅਹੁਦਾ ਖੁੱਸਣ ਤੋਂ ਬਾਅਦ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਇੱਕ ਕੀਮਤੀ ਹਾਰ ਦੀ ਵਿਕਰੀ ਦੇ ਵਿਵਾਦ ਵਿੱਚਆ ਗਏ ਹਨ। ਪਾਕਿਸਤਾਨ ਦੀ ਫੈਡਰਲ ਜਾਂਚ ਏਜੰਸੀ (ਐੱਫ ਆਈਏ) ਨੇ ਇਸ ਕੇਸ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਮੀਡੀਆ ਰਿਪੋਰਟਾਂ ਮੁਤਾਬਕ ਦੇਸ਼ ਦੀ ਕੇਂਦਰੀ ਜਾਂਚ ਏਜੰਸੀ ਨੇ 'ਤੋਸ਼ਾਖਾਨਾ (ਸਟੇਟ ਗਿਫਟ ਰਿਪੋਜ਼ਟਰੀ) ਵਿੱਚ ਰੱਖੇ ਗਏ ਹਾਰਾਂ ਦੀ ਵਿਕਰੀ ਦੀ ਜਾਂਚ ਸ਼ੁਰੂ ਕੀਤੀ ਹੈ। ਇਸ ਰਿਪੋਰਟ ਮੁਤਾਬਕ ਇੱਕ ਬਹੁਤ ਕੀਮਤੀ ਹਾਰ ਲਾਹੌਰ ਵਿੱਚ ਇਮਰਾਨ ਖਾਨ ਦੇ ਕਰੀਬੀ ਵਿਅਕਤੀ ਜ਼ੁਲਫੀ ਬੁਖਾਰੀ ਨੇ 18.5 ਕਰੋੜ ਰੁਪਏ ਦਾ ਵੇਚਿਆ ਸੀ।ਸਰਕਾਰੀ ਤੋਹਫ਼ੇ ਨੂੰ ਨਿੱਜੀ ਬਣਾਉਣ ਲਈ ਤੋਹਫਾ ਲੈਣ ਵਾਲੇ ਆਗੂ ਨੂੰ ਇਸ ਦੀ ਅੱਧੀ ਰਕਮ ਦੇਣੀ ਪੈਂਦੀ ਹੈ, ਪਰ ਇਮਰਾਨ ਖ਼ਾਨ ਨੇ ਸਿਰਫ਼ ਕੁਝ ਲੱਖਰੁਪਏ ਹੀਦਿੱਤੇ ਸਨ ਅਤੇ ਇਸ ਸੌਦੇ ਨੂੰ ਗੈਰ-ਕਾਨੂੰਨੀ ਕਰਾਰ ਦਿੱਤਾ ਗਿਆ ਹੈ।

ਦਿ ਨਿਊਜ਼ ਦੀ ਰਿਪੋਰਟ ਮੁਤਾ-ਬਕ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਉਸ ਵਕਤ ਦੇ ਵਿਸ਼ੇਸ਼ ਸਹਾਇਕ ਸਈਦ ਜ਼ੁਲਫਿਕਾਰ ਬੁਖਾਰੀ ਨੇ ਇਸ ਹੇਰਾਫੇਰੀ ਦਾ ਖੰਡਨ ਕੀਤਾ ਅਤੇ ਹਾਰ ਵੇਚਣ ਦੀ ਰਿਪੋਰਟ ਤੋਂ ਇਨਕਾਰ ਕੀਤਾ ਹੈ। ਫੈਡਰਲ ਇਨਵੈਸਟੀਗੇਸ਼ਨ ਏਜੰਸੀ ਨੇ ਸਾਬਕਾ

# ਪੰਜਾਬ ਦੀਆਂ ਖਰੀਦ ਏਜੰਸੀਆਂ ਦੇ ਮੁਲਾਜ਼ਮਾਂ ਦੀ ਹੜਤਾਲ ਖਤਮ, ਕਣਕ ਦੀ ਖਰੀਦ ਜਾਰੀ

### * ਕੇਂਦਰੀ ਟੀਮਾਂ ਕਣਕ ਦੀ ਜਾਂਚ ਲਈ ਪੰਜਾਬ ਪਹੁੰਚੀਆਂ

ਚੰਡੀਗੜ੍ਹ, 13 ਅਪਰੈਲ, (ਪੋਸਟ ਬਿਊਰੋ)-ਪੰਜਾਬ ਦੀਆਂ ਸਾਰੀਆਂ ਮੰਡੀਆਂ ਵਿੱਚ ਕਣਕ ਖਰੀਦ ਵਿੱਚ ਅੜਿੱਕਾ ਪੈਣ ਦਾ ਡਰ ਅੱਜ ਓਦੋਂ ਖਤਮ ਹੋ ਗਿਆ, ਜਦੋਂ ਖਰੀਦ ਏਜੰਸੀਆਂ ਦੇ ਮੁਲਾਜ਼ਮਾਂ ਨੇ ਫਸਲਾਂ ਖਰੀਦਣ ਨਾਲ ਸੰਬੰਧਤ ਮੰਤਰੀ ਲਾਲ ਚੰਦ ਕਟਾਰੂਚੱਕ ਨਾਲ ਮੀਟਿੰਗ ਤੋਂ ਬਾਅਦ ਹੜਤਾਲ ਵਾਪਸ ਲੈ ਲਈ। ਇਸ ਦੇ ਬਾਅਦ ਮੰਡੀ ਵਿੱਚ ਕਣਕ ਖਰੀਦ ਨਿਰਵਿਘਨ ਜਾਰੀ ਹੈ ਅਤੇ ਕਿਸੇ ਤਰ੍ਹਾਂ ਦਾ ਕੋਈ ਅੜਿੱਕਾ ਨਹੀਂ ਰਿਹਾ।

ਇਸ ਸਬੰਧ ਵਿੱਚ ਪੰਜਾਬ ਦੇ ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲਿਆਂ ਬਾਰੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਦੱਸਿਆ ਕਿ ਅੱਜ ਸਵੇਰੇ ਵਿਭਾਗ ਦੇ ਸੀਨੀਅਰ ਅਫਸਰਾਂ ਨਾਲ ਖਰੀਦ ਅਮਲੇ ਦੀ ਤਾਲਮੇਲ ਕਮੇਟੀ ਦੀ ਮੀਟਿੰਗ ਪਿੱਛੋਂ ਫੀਲਡ ਸਟਾਫ ਨੇ ਹੜਤਾਲ ਵਾਪਸ ਲੈ ਲਈਅਤੇ ਖਰੀਦ ਚੱਲ ਪਈ ਹੈ। ਕਣਕ ਦੀ ਕੁਆਲਟੀ ਬਾਰੇ ਮੰਤਰੀ ਨੇ ਕਿਹਾ ਕਿ ਇਸ ਦਾ ਮੁਲਾਂਕਣ ਕਰਨ ਲਈ ਕੇਂਦਰੀ ਟੀਮਾਂ ਪੰਜਾਬਵਿੱਚਆਈਆਂ ਹਨ ਅਤੇ ਉਨ੍ਹਾਂ ਦੀ ਰਿਪੋਰਟ ਛੇਤੀ ਮਿਲਣ ਦੀ ਆਸ ਹੈ। ਉਨ੍ਹਾਂ ਕਿਹਾ ਕਿ ਰਾਜ ਦੀਆਂ ਖਰੀਦ ਏਜੰਸੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਕੇਂਦਰੀ ਟੀਮਾਂ ਨੂੰ ਹਰ ਸੰਭਵ ਮਦਦ ਦੇਣ ਤਾਂ ਜੋ ਉਹ ਆਪਣੀ ਰਿਪੋਰਟ ਜਲਦੀ ਪੇਸ਼ ਕਰਨ ਦੇ ਯੋਗ ਹੋ ਸਕਣ।

ਵਰਨਣ ਯੋਗ ਹੈ ਕਿ ਅੱਤ ਦੀ ਗਰਮੀ ਕਾਰਨ ਕਈ ਥਾਂਈਂ ਕਣਕ ਦਾ ਦਾਣਾ ਸੁੰਗੜ ਗਿਆ ਤੇ ਕੁਝ ਮੰਡੀਆਂ ਵਿੱਚ ਆ ਰਹੇ ਅਨਾਜ ਵਿੱਚ 6 ਫੀਸਦੀ ਦੇ ਸਟੈਂਡਰਡ ਤੋਂ ਵੱਧ ਦਾਣਾ ਸੁੰਗੜਿਆ ਹੋਇਆਹੈ। ਕੇਂਦਰ ਸਰਕਾਰ ਦੇ ਖੁਰਾਕ ਅਤੇ ਜਨਤਕ ਵੰਡ ਵਿਭਾਗ ਦੀਆਂ ਟੀਮਾਂ ਏਥੇ ਮੰਡੀਆਂ ਵਿੱਚ ਸੁੰਗੜੇ ਹੋਏ ਕਣਕ ਦੀ ਆਮਦ ਦੇ ਮੁਲਾਂਕਣ ਲਈਆਈਆਂ ਹਨ ਅਤੇ ਉਹ ਸਪੈਸੀਫਿਕੇਸ਼ਨਾਂ ਵਿੱਚ ਢੁਕਵੀਂ ਢਿੱਲ ਬਾਰੇ ਭਾਰਤ ਸਰਕਾਰ ਨੂੰ ਸਿਫਾਰਸ਼ ਕਰਨਗੀਆਂ।ਇਸ ਮੌਕੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਦੁਹਰਾਇਆ ਕਿ ਅਨਾਜ ਦੀ ਦਿੱਖ ਵਿੱਚ ਕਿਸੇ ਤਬਦੀਲੀ ਦ ਕਿਸਾਨ ਜ਼ਿੰਮੇਵਾਰ ਨਹੀਂ ਹੁੰਦਾ, ਇਹ ਤਬਦੀਲੀਆਂ ਕੁਦਰਤੀ ਕਾਰਨਾਂ ਕਰ ਕੇ ਮਨੁੱਖੀ ਕੰਟਰੋਲ ਤੋਂ ਬਾਹਰ ਹੁੰਦੀਆਂ ਹਨ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Towing Service Car Paint Starts $799*upto 100% Deductible Paid*
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

NEED A LAWYER ??
Red Seal NOTARY
KAUR LAW OFFICE
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
FAMILY LAWYER
• Child & Spousal support
• Custody & Access
• Divorce
• Equalization
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
MANJEET KAUR
LL.B., (London UK)
Barrister, Solicitor & Notary Public
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Grand Upholstery Ltd
Sofa Company Originality in Every Piece
Special on Sale
• ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
• ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
• ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
• ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

# ਕੋਲੇ ਦਾ ਸੰਕਟ ਗੰਭੀਰ: ਪੰਜਾਬ ਸਣੇ ਭਾਰਤ ਦੇ ਕਈ ਰਾਜਾਂ ਵਿੱਚ ਬਿਜਲੀ ਕੱਟਾਂ ਦਾ ਡਰ ਪਿਆ



ਨਵੀਂ ਦਿੱਲੀ, 13 ਅਪਰੈਲ, (ਪੋਸਟ ਬਿਊਰੋ)-ਭਾਰਤਵਿੱਚ ਕੋਲਾ ਸੰਕਟ ਅਜੇ ਟਲਿਆ ਨਹੀਂ ਅਤੇ ਕਈ ਕੋਲਾ ਖਾਣਾਂ ਵਿੱਚ ਉਤਪਾਦਨ ਪਿਛਲੇ 9 ਸਾਲਾਂ ਮੁਕਾਬਲੇ ਇਸ ਸਮੇਂ ਸਭ ਤੋਂ ਘੱਟ ਹੁੰਦਾ ਪਿਆ ਹੈ।ਇਸ ਦੌਰਾਨ ਗਰਮੀ ਦੇ ਮੌਸਮ ਵਿੱਚ ਬਿਜਲੀਦੀ ਖਪਤ ਵਧੀ ਹੈ ਅਤੇ ਕੋਰੋਨਾ ਯੁੱਗ ਤੋਂ ਬਾਹਰ ਆਉਣ ਪਿੱਛੋਂ ਉਦਯੋਗਾਂ ਨੂੰ ਉਤਪਾਦਨ ਵਧਾਉਣ ਅਤੇ ਪਿਛਲੇ ਨੁਕਸਾਨ ਦੀ ਭਰਪਾਈ ਕਰਨ ਲਈ ਹੋਰ ਬਿਜਲੀ ਦੀ ਲੋੜ ਹੈ। ਅਜਿਹੇ ਹਾਲਾਤ ਵਿੱਚ ਮਾਹਿਰਾਂ ਦਾ ਮੰਨਣਾ ਹੈ ਕਿ ਭਾਰਤ ਦੇ ਕਈ ਰਾਜਾਂ ਵਿੱਚ ਇਸ ਵਾਰ ਵੱਡੇ ਬਿਜਲੀ ਕੱਟਾਂ ਦਾ ਦੌਰ ਆ ਸਕਦਾ ਹੈ।

ਮਿਲੀ ਜਾਣਕਾਰੀ ਮੁਤਾਬਕ ਆਂਧਰਾ ਪ੍ਰਦੇਸ਼, ਕਰਨਾਟਕ, ਬਿਹਾਰ, ਮੱਧ ਪ੍ਰਦੇਸ਼, ਝਾਰਖੰਡ, ਪੰਜਾਬ, ਹਰਿਆਣਾ, ਰਾਜਸਥਾਨ, ਤੇਲੰਗਾਨਾ ਤੇ ਉੱਤਰ ਪ੍ਰਦੇਸ਼ ਵਿੱਚ ਬਿਜਲੀ ਕੱਟਸ਼ੁਰੂ ਹੋ ਗਏ ਹਨ। ਮਹਾਰਾਸ਼ਟਰ, ਦੇਸ਼ ਦਾ ਸਭ ਤੋਂ ਵੱਡਾ ਉਦਯੋਗਿਕ ਰਾਜ ਹੈ ਤੇ ਉਹ ਪੱਕੇ ਬਿਜਲੀ ਕੱਟ ਲਾਗੂ ਕਰਨ ਕੰਢੇ ਪੁੱਜਾ ਪਿਆ ਹੈ। ਗੁਜਰਾਤ ਅਤੇ ਤਾਮਿਲਨਾਡੂ ਵਰਗੇ ਰਾਜਾਂ ਨੇ ਆਪਣੀਆਂ ਪਾਵਰ ਕੰਪਨੀਆਂ ਨੂੰ ਦੂਸਰੇ ਰਾਜਾਂ ਤੋਂ ਮਹਿੰਗੇ ਭਾਅ ਬਿਜਲੀ ਖਰੀਦਣ ਦੀ ਇਜਾਜ਼ਤ ਦਿੱਤੀ ਹੈ, ਤਾਂ ਜੋ ਬਿਜਲੀ ਕੱਟ ਤੋਂ ਬਚਿਆ ਜਾ ਸਕੇ। ਤਾਜ਼ਾ ਵਿਸ਼ਲੇਸ਼ਣਾਂ ਮੁਤਾਬਕ ਮੰਗ ਦੇ ਮੁਕਾਬਲੇ ਬਿਜਲੀ ਸਪਲਾਈ ਵਿੱਚ 1.4 ਫੀਸਦੀ ਕਮੀ ਹੈ। ਇਹ ਨਵੰਬਰ2021 ਵਿੱਚ 1ਫੀਸਦੀ ਕਟੌਤੀ ਤੋਂ ਵੱਧ ਹੈ।ਨਵੰਬਰ 2021 ਵਿੱਚ ਦੇਸ਼ ਨੂੰ ਕੋਲੇ ਦੀ ਭਾਰੀ ਕਮੀ ਦਾ ਸਾਹਮਣਾ ਕਰਨਾ ਪਿਆ ਸੀ ਅਤੇ ਕੋਲਾ ਹੀ ਬਿਜਲੀ ਉਤਪਾਦਨ ਦਾ ਮੁੱਖ ਸਰੋਤ ਹੈ।

ਤਾਜ਼ਾ ਰਿਪੋਰਟਾਂ ਮੁਤਾਬਕ ਮਹਾਰਾਸ਼ਟਰ ਵਿੱਚ ਬਿਜਲੀ ਦੀ ਮੰਗ ਤੇ ਸਪਲਾਈ ਦਾ 2,500 ਮੈਗਾਵਾਟ ਦਾ ਫਰਕ ਹੋਣ ਕਾਰਨ ਰਾਜ ਦੀ ਬਿਜਲੀ ਵੰਡ ਕੰਪਨੀ ਪੇਂਡੂ ਤੇ ਸ਼ਹਿਰੀ ਖੇਤਰਾਂ ਨੂੰਇੱਕੋ ਜਿਹੇ ਬਿਜਲੀ ਕੱਟ ਲਾ ਰਹੀ ਹੈ। ਆਂਧਰਾ ਪ੍ਰਦੇਸ਼ ਦੀ ਸਥਿਤੀ ਵੀ ਮਹਾਰਾਸ਼ਟਰ ਵਾਲੀ ਹੈ। ਬਿਜਲੀ ਦੀ ਮੰਗ ਅਤੇ ਸਪਲਾਈ ਵਿੱਚ 8.7ਫੀਸਦੀਕਮੀ ਦੇ ਕਾਰਨ ਉਦਯੋਗਾਂ ਨੂੰ ਲੋੜ ਦੇ ਮੁਕਾਬਲੇ ਸਿਰਫ਼ 50 ਫੀਸਦੀ ਬਿਜਲੀ ਮਿਲਦੀ ਹੈ। ਇਸ ਤੋਂ ਨਾਰਾਜ਼ ਲੋਕ ਸੜਕਾਂ ਉੱਤੇਆ ਰਹੇ ਹਨ, ਪਰ ਰਾਜ ਸਰਕਾਰ ਇਸ ਸਥਿਤੀ ਨੂੰ ਵਕਤੀਦੱਸਦੀ ਹੈ। ਕੇਂਦਰ ਸਰਕਾਰ ਦੇ ਅੰਕੜੇ ਦੱਸ ਰਹੇ ਹਨ ਕਿ ਝਾਰਖੰਡ, ਬਿਹਾਰ, ਹਰਿਆਣਾ ਤੇ ਉੱਤਰਾਖੰਡ ਵਿੱਚ ਬਿਜਲੀ ਦੀ ਮੰਗ ਦੇ ਮੁਕਾਬਲੇ ਸਪਲਾਈ ਵਿੱਚ 3 ਫੀਸਦੀ ਕਮੀ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, |
| **Office Admin** | Sajandeep Singh |
| **Graphic Designer** | Angrez Singh<br>Komal Matharu |
| **Photographer** | Kanwaljit Singh Kanwal |
| **Distributer**<br>**Marketing:** | Bhupinder Dhillon<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਹਾਈ ਕੋਰਟ ਨੇ ਕਿਹਾ: ਏਅਰਪੋਰਟ ਉਤੇ ਰੋਕੇ ਗਏ ਵਿਅਕਤੀ ਨੂੰ ਐਲ ਓ ਸੀ ਦੀ ਕਾਪੀ ਦੇਣਾ ਜ਼ਰੂਰੀ

*** ਵਿਦੇਸ਼ ਜਾਂਦੀ ਲੜਕੀ ਨੂੰ ਰੋਕਣ ਉੱਤੇ ਇੱਕ ਲੱਖ ਜ਼ੁਰਮਾਨਾ**

ਚੰਡੀਗੜ੍ਹ, 13 ਅਪ੍ਰੈਲ (ਪੋਸਟ ਬਿਊਰੋ)- ਇੱਕ ਪਟੀਸ਼ਨ ਦਾ ਨਿਪਟ-ਾਰਾ ਕਰਦੇ ਹੋਏ ਹਾਈ ਕੋਰਟ ਨੇ ਸਾਫ ਕਿਹਾ ਹੈ ਕਿ ਲੁਕ ਆਊਟ ਸਰਕੂਲਰ (ਐਲ ਓ ਸੀ) ਕਾਰਨ ਜਿਸ ਕਿਸੇ ਨੂੰ ਵਿਦੇਸ਼ ਜਾਣ ਤੋਂ ਏਅਰਪੋਰਟ ਉੱਤੇ ਰੋਕਿਆ ਜਾਏ, ਉਸ ਨੂੰ ਇਸ ਦੀ ਕਾਪੀ ਦੇਣੀ ਜ਼ਰੂਰੀ ਹੈ, ਤੋਂ ਮਨ੍ਹਾ ਨਹੀਂ ਕੀਤਾ ਜਾ ਸਕਦਾ।

ਅਜਿਹੇ ਇੱਕ ਕੇਸ ਵਿੱਚ ਜਸਟਿਸ ਐਮ ਐਸ ਰਾਮਚੰਦਰ ਰਾਓ ਅਤੇ ਜਸਟਿਸ ਐਚ ਐਸ ਮਦਾਨ ਦੀ ਬੈਂਚ ਨੇ ਇੱਕ ਲੜਕੀ, ਜਿਸ ਨੂੰ ਐਲ ਓ ਸੀ ਦੇ ਕਾਰਨ ਏਅਰਪੋਰਟ ਉੱਤੇ ਰੋਕਿਆ ਗਿਆ ਸੀ, ਨੂੰ ਇੱਕ ਲੱਖ ਰੁਪਏ ਮੁਆਵਜ਼ਾ ਦਿੱਤੇ ਜਾਣ ਦੇ ਹੁਕਮ ਦਿੱਤੇ ਹਨ। ਹਾਈ ਕੋਰਟ ਨੇ ਇਸ ਮੌਕੇ ਤਿੱਖੀ ਟਿੱਪਣੀ ਕਰਦਿਆਂ ਕਿਹਾ ਕਿ ਪਟੀਸ਼ਨਰ ਵਿਦੇਸ਼ ਦੀ ਵੱਕਾਰੀ ਸਿਖਿਆ ਸੰਸਥਾ ਵਿੱਚ ਐਮ ਬੀ ਏ ਕਰਨ ਜਾ ਰਹੀ ਸੀ ਤੇ ਉਸ ਨੂੰ ਨੱਬੇ ਫੀਸਦੀ ਸਕਾਲਰਸ਼ਿਪ ਮਿਲੀ ਸੀ। ਇਸ ਤਰ੍ਹਾਂ ਉਸ ਨੂੰ ਏਅਰਪੋਰਟ ਉੱਤੇ ਰੋਕ ਕੇ ਉਸ ਨੂੰ ਵਿਦੇਸ਼ ਨਾ ਜਾਣ ਦੇਣ ਉੱਤੇ ਨਾ ਸਿਰਫ ਪਟੀਸ਼ਨਰ ਦੇ ਮਾਣ ਨੂੰ ਠੇਸ ਪਹੁੰਚੀ, ਬਲਕਿ ਉਸ ਦੇ ਭਵਿੱਖ ਨਾਲ ਖਿਲਵਾੜ ਕੀਤਾ ਗਿਆ ਹੈ। ਜਿਸਬੈਂਕ ਦੇ ਕਹਿਣ ਉੱਤੇ ਕੇਂਦਰ ਅਤੇ ਬਾਕੀ ਧਿਰਾਂ ਨੇ ਐਲ ਓ ਸੀ ਜਾਰੀ ਕੀਤਾ ਗਿਆ ਸੀ, ਹਾਈ ਕੋਰਟ ਨੇ ਉਸ ਬੈਂਕਨੂੰ ਇੱਕ ਲੱਖ ਰੁਪਏ ਜੁਰਮਾਨਾ ਲਾ ਕੇ ਇਹ ਪੈਸੇ ਪਟੀਸ਼ਨਰ ਨੂੰ ਦੇਣ ਦੇ ਹੁਕਮ ਦੇ ਦਿੱਤੇ ਹਨ। ਵਰਨਣ ਯੋਗ ਹੈ ਕਿ ਪਟੀਸ਼ਨਰ ਤੀਹ ਸਾਲ ਦੀ ਹੈ ਅਤੇ ਉਹ ਆਪਣੇ ਪਿਤਾ ਦੀ ਕੰਪਨੀ ਵਿੱਚ ਡਾਇਰੈਕਟਰ ਰਹਿ ਚੁੱਕੀ ਹੈ। ਕੰਪਨੀ ਨੇ ਬੈਂਕ ਤੋਂ 100 ਕਰੋੜ ਤੋਂ ਵੱਧ ਕਰਜ਼ਾ ਲਿਆ ਸੀ ਅਤੇ ਉਹ ਉਸ ਦੀ ਗਾਰੰਟਰ ਸੀ। ਬਾਅਦ ਵਿੱਚ ਕੰਪਨੀ ਡਿਫਾਲਟ ਕਰ ਗਈ ਸੀ ਅਤੇ ਬੈਂਕ ਨੇ ਇਸ ਸ਼ੱਕ ਉੱਤੇ ਕਿ ਕੰਪਨੀ ਦੇ ਡਾਇਰੈਕਟਰ ਜਾਂ ਗਾਰੰਟਰ ਬਿਨਾਂ ਰਕਮ ਮੋੜੇ ਵਿਦੇਸ਼ ਨਾ ਚਲੇ ਜਾਣ, ਉਸ ਦੇ ਖਿਲਾਫ ਐਲ ਓ ਸੀ ਜਾਰੀ ਕਰਵਾ ਦਿੱਤਾ।


# ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

**IPTV ਦੁਆਰਾ ਸਤਸੰਗ ਦੇਖੋ**

Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

**647-739-4641**
**346-714-0224**




# ਜਰੂਰੀ ਬੇਨਤੀ

## ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਦੀਆਂ ਸਾਧ ਸੰਗਤਾਂ ਵਲੋਂ

## ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ

**ਭਾਰੀ ਸਮਾਗਮ**

ਗੁਰੂ ਪਿਆਰੀ ਸਾਧ ਸੰਗਤ ਜੀ ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਨਿਵਾਸੀ ਸਾਧ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਡਿਕਸੀ ਰੋਡ ਗੁਰਦੁਆਰਾ ਸਾਹਿਬ ਵਿਖੇ 13 ਮਈ ਦਿਨ ਸ਼ੁੱਕਰਵਾਰ ਨੂੰ ਅਖੰਡ ਪਾਠ ਸਾਹਿਬ ਸਵੇਰੇ 10 ਵਜੇ ਆਰੰਭ ਹੋਣ ਜਾ ਰਹੇ ਹਨ। ਇਨ੍ਹਾਂ ਦੇ ਭੋਗ 15 ਮਈ ਦਿਨ ਐਤਵਾਰ ਨੂੰ ਸਵੇਰੇ 10 ਵਜੇ ਪੈਣਗੇ। ਇਸ ਉਪਰੰਤ ਕੀਰਤਨੀ ਜੱਥੇ ਸੰਗਤਾਂ ਨੂੰ ਗੁਰਬਾਣੀ ਦੇ ਮਨੋਹਰ ਕੀਰਤਨ ਦਵਾਰਾ ਨਿਹਾਲ ਕਰਣਗੇ। ਬੇਨਤੀ ਹੈ ਕਿ ਇਸ ਸਮੇਂ ਹੁੰਮ ਹੁੰਮਾ ਕੇ ਦਰਸ਼ਨ ਦਿਓ ਜੀ। ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।



**ਧਰਮਿੰਦਰ ਸਿੰਘ ਸੂਸਾਂ: 416-879-6824 ,ਪਰਮਜੀਤ ਸਿੰਘ ਸੂਚ: 416-873-7508**
**ਸਰਬਜੀਤ ਸਿੰਘ ਸੂਚ: 416-357-7667, ਗੁਰਮੇਲ ਸਿੰਘ ਸੂਚ : 905-814-0756**

# ਵਿਸਾਖੀ, ਪੰਜਾਬੀਆਂ ਦਾ ਗੌਰਵਮਈ ਇਤਿਹਾਸਕ, ਧਾਰਮਿਕ ਤੇ ਸੱਭਿਆਚਾਰਕ ਦਿਹਾੜਾ

ਵਿਸਾਖੀ ਪੰਜਾਬੀਆਂ ਦਾ ਮਹਾਨ ਗੌਰਵਮਈ ਇਤਿਹਾਸਕ ਤੇ ਧਾਰਮਿਕ-ਦਿਹਾੜਾ ਹੈ। ਹੋਵੇ ਵੀ ਕਿਉਂ ਨਾ। ਇਸ ਦਿਨ ਸਿੱਖਾਂ ਦੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਸੰਮਤ 1756 (30 ਮਾਰਚ 1699 ਈਸਵੀ) ਵਾਲੇ ਦਿਨ ਖਾਲਸੇ ਦੀ ਸਿਰਜਣਾ ਕਰਕੇ



ਡਾ. ਸੁਖਦੇਵ ਸਿੰਘ ਝੰਡ
ਫ਼ੋਨ: 647-567-9128

ਦੁਨੀਆਂ ਵਿਚ ਸਿੱਖ ਕੌਮ ਦੀ ਇਕ ਵੱਖਰੀ ਪਹਿਚਾਨ ਬਣਾਈ। ਉਹ ਇਸ ਦਿਨ ਵੱਖ-ਵੱਖ ਗੁਰਦੁਆਰਿਆਂ ਵਿਚ ਜਾ ਕੇ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਨਤ-ਮਸਤਕ ਹੁੰਦੇ ਹਨ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਕੀਤੇ ਹੋਏ ਉਪਕਾਰਾਂ ਨੂੰ ਯਾਦ ਕਰਦੇ ਹਨ। ਇਸ ਮੌਕੇ ਭਰੇ ਦੀਵਾਨਾਂ ਵਿਚ ਰਾਗੀ ਸਿੰਘ, ਢਾਡੀ ਤੇ ਕਵੀਸ਼ਰੀ ਜੱਥੇ ਇਸ ਦਿਨ ਦੀ ਮਹਾਨਤਾ ਆਪੋ-ਆਪਣੇ ਅੰਦਾਜ਼ ਵਿਚ ਬਿਆਨ ਕਰਦੇ ਹਨ ਜਿਨ੍ਹਾਂ ਨੂੰ ਸੁਣ ਕੇ ਸੰਗਤ ਨਿਹਾਲੋ-ਨਿਹਾਲ ਹੁੰਦੀ ਹੈ।

ਅਨੰਦਪੁਰ ਸਾਹਿਬ ਦੀ ਧਰਤੀ 'ਤੇ ਏਸੇ ਤਰ੍ਹਾਂ ਦੇ ਹੀ ਇਕ ਭਰੇ ਹੋਏ ਦੀਵਾਨ ਜਿਸ ਦੀ ਇਕੱਤਰਤਾ ਦੀ ਗਿਣਤੀ ਇਤਿਹਾਸਕਾਰਾਂ ਵੱਲੋਂ 80,000 ਦੇ ਲੱਗਭਗ ਦੱਸੀ ਜਾਂਦੀ ਹੈ, ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਪਹਿਲੀ ਵਿਸਾਖ ਸੰਮਤ 1756 ਨੂੰ ਇਕ-ਇਕ ਕਰਕੇ ਪੰਜ ਸਿਰਾਂ ਦੀ ਮੰਗ ਕੀਤੀ ਸੀ ਤੇ ਹਰ ਵਾਰ ਭਾਰਤ ਦੇ ਵੱਖ-ਵੱਖ ਹਿੱਸਿਆਂ ਤੋਂ ਆਏ ਗੁਰੂ ਨਾਨਕ ਨਾਮ-ਲੇਵਾ ਪੰਜ ਸਿੱਖਾਂ ਦਇਆ ਰਾਮ, ਧਰਮ ਦਾਸ, ਹਿੰਮਤ ਰਾਇ, ਮੋਹਕਮ ਚੰਦ ਤੇ ਸਾਹਿਬ ਚੰਦ ਨੇ ਆਪਣੇ ਸਿਰ ਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਕੀਤੇ ਤੇ ਉਨ੍ਹਾਂ ਕੋਲੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਇੱਕੋ 'ਸਰਬ-ਲੋਹ ਬਾਟੇ' ਵਿਚ 'ਸਰਬ-ਲੋਹ ਖੰਡੇ' ਨਾਲ ਬਾਣੀਆਂ ਦੇ ਉਚਾਰਨ ਦੌਰਾਨ ਤਿਆਰ ਕੀਤਾ ਗਿਆ 'ਅੰਮ੍ਰਿਤ' ਇਨ੍ਹਾਂ ਪੰਜਾਂ ਨੂੰ ਛਕਾਇਆ ਗਿਆ। ਅੰਮ੍ਰਿਤ ਛੱਕਣ ਉਪਰੰਤ ਉਨ੍ਹਾਂ ਦਾ ਨਾਮਕਰਣ ਵੀ ਭਾਈ ਦਇਆ ਸਿੰਘ। ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ ਤੇ ਭਾਈ ਸਾਹਿਬ ਸਿੰਘ ਕੀਤਾ ਗਿਆ। ਵੱਖ-ਵੱਖ ਜ਼ਾਤਾਂ ਤੇ ਧਰਮਾਂ ਤੋਂ ਆਏ ਇਨ੍ਹਾਂ ਪੰਜਾਂ ਦੀ ਜ਼ਾਤ-ਪਾਤ ਖਤਮ ਕਰਕੇ ਇਨ੍ਹਾਂ ਨੂੰ 'ਸਿੰਘ' (ਸ਼ੇਰ) ਦਾ ਦਰਜਾ ਅਤੇ 'ਪੰਜਾਂ-ਪਿਆਰਿਆਂ' ਦੀ ਉਪਾਧੀ ਦਿੱਤੀ ਗਈ। ਨਿਰਾ ਉਨ੍ਹਾਂ ਨੂੰ ਅੰਮ੍ਰਿਤ ਛਕਾਇਆ ਹੀ ਨਹੀਂ, ਸਗੋਂ ਉਨ੍ਹਾਂ ਕੋਲੋਂ ਖ਼ੁਦ ਅੰਮ੍ਰਿਤ ਛੱਕ ਕੇ 'ਆਪੇ ਗੁਰ ਚੇਲਾ' ਦੀ ਮਿਸਾਲ ਕਾਇਮ ਕੀਤੀ ਜਿਸ ਦੀ ਉਦਾਹਰਣ ਦੁਨੀਆਂ ਵਿਚ ਕਿਧਰੇ ਹੋਰ ਨਹੀਂ ਮਿਲਦੀ। ਉਂਜ ਵੇਖਿਆ ਜਾਏ ਤਾਂ ਇਹ ਪੰਜੇ ਵਿਅੱਕਤੀ ਉਸ ਸਮੇਂ ਦੀਆਂ ਦੱਬੀਆਂ-ਕੁਚਲੀਆਂ ਤੇ ਪਛੜੀਆਂ ਜਾਤਾਂ ਵਿਚੋਂ ਆਏ 'ਆਮ ਆਦਮੀ' ਹੀ ਸਨ ਜਿਨ੍ਹਾਂ ਨੂੰ ਗੁਰੂ ਜੀ ਨੇ ਅੰਮ੍ਰਿਤ ਪਾਨ ਕਰਵਾ ਕੇ ਆਪਣੇ 'ਖਾਸ ਆਦਮੀ' ('ਪੰਜ ਪਿਆਰੇ') ਬਣਾ ਲਿਆ। ਇਹ ਮਹਾਨ ਗੁਰ-ਵਾਕਾਂ 'ਸਭੈ ਸਾਂਝੀਵਾਲ ਸਦਾਇਨ' ਅਤੇ 'ਨੀਚਹੁ ਊਚ ਕਰੇ ਮੇਰਾ ਗੋਬਿੰਦ' ਵਾਲੀ ਗੱਲ ਹੈ। ਪਰ ਬੜੇ ਅਫ਼ਸੋਸ ਵਾਲੀ ਗੱਲ ਹੈ ਕਿ ਅਸੀਂ ਅੱਜ ਵੀ ਜ਼ਾਤ-ਪਾਤ ਦੇ ਬਖੇੜੇ ਵਿਚ ਪਏ ਹੋਏ ਹਾਂ ਤੇ ਇਸ ਤੋਂ ਬਾਹਰ ਨਹੀਂ ਨਿਕਲ ਰਹੇ।

1699 ਦੀ ਵਿਸਾਖੀ ਵਾਲੇ ਦਿਨ ਅੰਮ੍ਰਿਤ-ਸੰਚਾਰ ਦਾ ਇਹ ਧਾਰਮਿਕ ਤੇ ਇਤਿਹਾਸਕ ਪੱਖ ਹੈ ਜਿਸ ਨਾਲ ਸਿੱਖਾਂ ਦੀ ਮਾਨਸਿਕਤਾ ਤੇ ਧਾਰਮਿਕ-ਆਸਥਾ ਜੁੜੀ ਹੋਈ ਹੈ। ਉਹ ਇਸ ਸ਼ੁਭ ਦਿਨ ਨੂੰ ਪੂਰੀ ਸ਼ਰਧਾ ਅਤੇ ਸਤਿਕਾਰ ਨਾਲ ਯਾਦ ਕਰਦੇ ਹਨ ਤੇ ਖ਼ੁਸ਼ੀ ਖ਼ੁਸ਼ੀ ਮਨਾਉਂਦੇ ਹਨ। ਵੱਖ-ਵੱਖ ਗੁਰਦੁਆਰਿਆਂ ਵਿਚ ਦੀਵਾਨ ਸੱਜਦੇ ਹਨ। ਰਾਗੀ, ਢਾਡੀ ਤੇ ਕਵੀਸ਼ਰ ਜਥੇ ਇਸ ਦਿਨ ਦੀ ਮਹਾਨਤਾ ਨੂੰ ਆਪੋ-ਆਪਣੇ ਅੰਦਾਜ਼ ਵਿਚ ਬਿਆਨ ਕਰਦੇ ਹਨ। ਸ੍ਰੀ ਆਨੰਦਪੁਰ ਸਾਹਿਬ ਅਤੇ ਸ੍ਰੀ ਦਮਦਮਾ ਸਾਹਿਬ ('ਗੁਰੂ ਕੀ ਕਾਂਸ਼ੀ') ਵਿਚ ਵਿਸਾਖੀ ਦਾ ਪੁਰਬ ਬਹੁਤ ਹੀ ਜੋਸ਼-ਓ-ਖ਼ਰੋਸ਼ ਨਾਲ ਮਨਾਇਆ ਜਾਂਦਾ ਹੈ। ਉਥੇ ਇਸ ਮੌਕੇ ਸੰਗਤਾਂ ਦੀ ਰੌਣਕ ਵੇਖਣ ਹੀ ਵਾਲੀ ਹੁੰਦੀ ਹੈ। ਲੋਕ ਦੂਰੋਂ ਦੂਰੋਂ ਚੱਲ ਕੇ ਇਨ੍ਹਾਂ ਧਾਰਮਿਕ ਅਸਥਾਨਾਂ 'ਤੇ ਪਹੁੰਚਦੇ ਹਨ ਤੇ ਆਪਣੀ ਸ਼ਰਧਾ ਦਾ ਇਜ਼ਹਾਰ ਕਰਦੇ ਹਨ। ਇਨ੍ਹਾਂ ਮੌਕਿਆਂ 'ਤੇ ਵੱਖ-ਵੱਖ ਸਿਆਸੀ ਪਾਰਟੀਆਂ ਵੱਲੋਂ ਆਪੋ-ਆਪਣੀਆਂ ਸਿਆਸੀ-ਕਾਨਫਰੰਸਾਂ ਵੀ ਆਯੋਜਿਤ ਕੀਤੀਆਂ ਜਾਂਦੀਆਂ ਹਨ। ਨੇਤਾ ਲੋਕ ਆਪਣੀਆਂ ਪਾਰਟੀਆਂ ਦੀਆਂ ਨੀਤੀਆਂ ਦਾ ਜਿੱਥੇ ਵਿਖਿਆਨ ਕਰਦੇ ਹਨ, ਉੱਥੇ ਦੂਸਰੀਆਂ ਪਾਰਟੀਆਂ 'ਤੇ ਚਿੱਕੜ ਵੀ ਖ਼ੂਬ ਸੁੱਟਦੇ ਹਨ। ਇਸ ਤਰ੍ਹਾਂ ਇਸ ਤਿਉਹਾਰ ਦਾ ਇਹ ਸਿਆਸੀ-ਪੱਖ ਵੀ ਮਹੱਤਵਪੂਰਨ ਹੈ।

ਇਸ ਦੇ ਨਾਲ ਹੀ 13 ਅਪ੍ਰੈਲ 1919 ਨੂੰ ਅੰਮ੍ਰਿਤਸਰ ਵਿਚ 'ਜੱਲ੍ਹਿਆਂ ਵਾਲੇ ਬਾਗ਼' ਵਿਚ ਵਾਪਰੇ ਖ਼ੂਨੀ ਸਾਕੇ ਦੀ ਵੀ ਆਪਣੀ ਹੀ ਇਤਿਹਾਸਕ ਮਹੱਤਤਾ ਹੈ ਜਿੱਥੇ ਅੰਗਰੇਜ਼ੀ ਹਕੂਮਤ ਦੇ ਜਨਰਲ ਡਾਇਰ ਦੇ ਹੁਕਮ ਨਾਲ ਚੱਲੀਆਂ ਗੋਲੀਆਂ ਨਾਲ ਹਿੰਦੂ, ਸਿੱਖ ਤੇ ਮੁਸਲਮਾਨਾਂ ਦਾ ਸਾਂਝਾ ਖ਼ੂਨ ਡੁੱਲ੍ਹਿਆ ਅਤੇ ਇਹ 'ਖ਼ੂਨੀ ਸਾਕਾ' ਭਾਰਤ ਦੀ ਆਜ਼ਾਦੀ ਲਈ ਲੜੀ ਗਈ ਲੜਾਈ ਦਾ ਅਹਿਮ ਹਿੱਸਾ ਬਣਿਆ। ਸੈਂਕੜੇ ਲੋਕ ਮਾਰੇ ਗਏ ਤੇ ਹਜ਼ਾਰਾਂ ਜ਼ਖ਼ਮੀ ਹੋਏ। ਬਹੁਤ ਸਾਰਿਆਂ ਨੇ ਉਸ ਥਾਂ 'ਤੇ ਬਣੇ ਇਕ ਖੂਹ ਵਿਚ ਛਾਲਾਂ ਮਾਰ ਕੇ ਆਪਣੀਆਂ ਜਾਨਾਂ ਦੀ ਕੁਰਬਾਨੀ ਦਿੱਤੀ। ਇਸ ਦਿਨ ਅਸੀ ਇਨ੍ਹਾਂ ਸ਼ਹੀਦਾਂ ਸੂਰਬੀਰਾਂ ਨੂੰ ਵੀ ਪੂਰੇ ਸਤਿਕਾਰ ਨਾਲ ਯਾਦ ਕਰਦੇ ਹਾਂ ਤੇ ਉਨ੍ਹਾਂ ਦੀ ਕੁਰਬਾਨੀ ਅੱਗੇ ਸਿਰ ਝੁਕਾਉਂਦੇ ਹਾਂ।

ਇਹ ਤਾਂ ਹੈ, ਵਿਸਾਖੀ ਦਾ ਇਤਿਹਾਸਕ ਤੇ ਧਾਰਮਿਕ ਪੱਖ। ਇਸ ਦੇ ਨਾਲ ਹੀ ਇਸ ਦੀ ਸਮਾਜਿਕ ਤੇ ਸਭਿਆਚਾਰਕ ਮਹੱਤਤਾ ਵੀ ਓਨੀ ਹੀ ਹੈ। ਖ਼ੁਸ਼ੀਆਂ ਤੇ ਖੇੜਿਆਂ ਦਾ ਤਿਉਹਾਰ ਵਿਸਾਖੀ ਪਿੰਡਾਂ ਤੇ ਸ਼ਹਿਰਾਂ ਵਿਚ ਵਿਸਾਖੀ ਤਿਉਹਾਰ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਹੋਰ ਕਈ ਤਿਉਹਾਰਾਂ ਵਾਂਗ ਵਿਸਾਖੀ ਵੀ ਇਕ ਮੌਸਮੀ ਤਿਓਹਾਰ ਹੈ। ਸਰਦੀ ਦਾ ਮੌਸਮ ਖਤਮ ਹੋ ਜਾਣ 'ਤੇ ਗਰਮੀ ਦੀ ਸ਼ੁਰੂਆਤ ਹੁੰਦੀ ਹੈ ਤੇ ਹਾੜੀ ਦੀਆਂ ਫਸਲਾਂ ਪੱਕਣ ਲੱਗਦੀਆਂ ਹਨ। ਆਮ ਤੌਰ 'ਤੇ ਵਿਸਾਖੀ ਦਾ ਮੇਲਾ ਦਰਿਆਵਾਂ, ਝੀਲਾਂ ਜਾਂ ਸਰੋਵਰਾਂ ਦੇ ਕੰਢਿਆਂ 'ਤੇ ਲੱਗਦਾ ਹੈ। ਇਸ ਸ਼ੁਭ-ਮੌਕੇ 'ਤੇ ਲੋਕ ਇਨ੍ਹਾਂ ਵਿਚ ਇਸ਼ਨਾਨ ਕਰਨਾ ਪਵਿੱਤਰ ਸਮਝਦੇ ਹਨ। ਇਹ ਉਨ੍ਹਾਂ ਦਾ ਵਿਸ਼ਵਾਸ ਹੈ ਜਿਸ ਦੇ ਨਾਲ ਸ਼ਾਇਦ ਸੁੱਚਤਾ ਦਾ ਇਹਸਾਸ ਜੁੜਿਆ ਹੋਇਆ ਹੈ। ਹਿਮਾਚਲ-ਪ੍ਰਦੇਸ਼ ਦੇ ਮੰਡੀ ਜ਼ਿਲੇ ਦੇ 'ਰਵਾਲਸਰ' ਕਸਬੇ ਵਿਚ ਬਣੇ ਇਕ ਤਲਾਅ ਵਿਚ ਰੋਗੀਆਂ ਨੂੰ ਇਸ਼ਨਾਨ ਕਰਾਉਣ ਦੀ ਪਰੰਪਰਾ ਚਲੀ ਆਉਂਦੀ ਹੈ। ਪਤਾ ਨਹੀਂ ਇਸ ਇਸ਼ਨਾਨ ਨਾਲ ਕਿੰਨੇ ਕੁ ਰੋਗੀ ਰਾਜ਼ੀ ਹੁੰਦੇ ਹੋਣਗੇ। ਕੀ ਇਸ ਦਾ ਕੋਈ ਵਿ-ਗਆਨਕ-ਆਧਾਰ ਹੋਵੇਗਾ ਜਾਂ ਨਹੀਂ, ਪਰ ਗੱਲ ਇਥੇ ਫੇਰ ਲੋਕ-ਵਿਸ਼ਵਾਸ ਦੀ ਹੈ ਤੇ 'ਲੋਕ-ਧਾਰਾ' (ੌਲਕ-ੋਰਣ) ਵਿਚ 'ਲੋਕ-ਵਿਸ਼ਵਾਸ' (ਾਅਟਿਹ) ਦਾ ਆਪਣਾ ਹੀ ਵਿਸ਼ੇਸ਼ ਅਸਥਾਨ ਹੈ। ਇੰਜ ਹੀ, ਕਈ ਲੋਕ ਇਸ ਦਿਨ ਦਰਿਆ ਗੰਗਾ ਦੇ ਕੰਢੇ ਹਰਿਦੁਆਰ ਜਾਂ ਕਈ ਹੋਰ ਦਰਿਆਵਾਂ ਵਿਚ ਇਸ਼ਨਾਨ ਕਰਨਾ ਸ਼ੁਭ ਸਮਝਦੇ ਹਨ। ਹਰੇਕ ਵਿਅੱਕਤੀ ਦਾ ਆਪਣਾ ਆਪਣਾ ਅਕੀਦਾ ਹੈ ਤੇ ਇਸ 'ਤੇ ਕਿੰਤੂ-ਪ੍ਰੰਤੂ ਕਰਨਾ ਫਜ਼ੂਲ ਹੈ।

ਉੱਤਰੀ ਭਾਰਤ, ਖਾਸ ਤੌਰ 'ਤੇ ਪੰਜਾਬ ਵਿਚ ਵਿਸਾਖੀ ਮੁੱਖ ਤੌਰ 'ਤੇ ਕਿਸਾਨਾਂ ਦਾ ਤਿਉਹਾਰ ਹੈ। ਇਸ ਖਿੱਤੇ ਦੀ ਮੁੱਖ ਫਸਲ ਕਣਕ ਇਨ੍ਹੀਂ ਦਿਨੀਂ ਪੱਕ ਕੇ ਤਿਆਰ ਹੋ ਜਾਂਦੀ ਹੈ ਜਿਸ ਨੂੰ ਵੇਖ ਕੇ ਕਿਸਾਨ ਝੂਮ ਉੱਠਦਾ ਹੈ ਕਿਉਂਕਿ ਉਸਦੀ ਆਰਥਿਕਤਾ ਇਸ ਦੇ ਨਾਲ ਪੂਰੀ ਤਰ੍ਹਾਂ ਜੁੜੀ ਹੋਈ ਹੈ। ਬੇਸ਼ਕ, ਹੁਣ ਪੰਜਾਬ ਵਿਚ ਕਈ ਥਾਈਂ ਸਾਲ ਵਿਚ ਤਿੰਨ-ਤਿੰਨ ਫਸਲਾਂ ਵੀ ਲਈਆਂ ਜਾਂਦੀਆਂ ਹਨ ਪਰ ਅਜੇ ਵੀ ਬਹੁਤੇ ਇਲਾਕਿਆਂ ਵਿਚ ਕਣਕ ਹੀ ਹਾੜੀ ਦੀ ਮੁੱਖ ਫਸਲ ਹੈ। ਜੱਟ-ਜ਼ਿਮੀਂਦਾਰ ਪਹਿਲਾਂ ਆਪਣੀਆਂ ਬੈਲ-ਗੱਡੀਆਂ ਵਿਚ ਪ੍ਰੀਵਾਰਾਂ ਸਮੇਤ ਬੈਠ ਕੇ ਇਨ੍ਹਾਂ ਮੇਲਿਆਂ ਵਿਚ ਜਾਇਆ ਕਰਦੇ ਸਨ, ਭਾਵੇਂ ਹੁਣ ਇਨ੍ਹਾਂ ਬੈਲ-ਗੱਡੀਆਂ ਦੀ ਥਾਂ ਟ੍ਰੈਕਟਰਾਂ-ਟਰਾਲੀਆਂ, ਸਕੂਟਰਾਂ, ਮੋਟਰ-ਸਾਈਕਲਾਂ ਤੇ ਕਾਰਾਂ ਨੇ ਲੈ ਲਈ ਹੈ। ਮੇਲਿਆਂ ਵਿਚ ਕਵੀਸ਼ਰਾਂ, ਗਵੱਈਆਂ, ਨਚਾਰਾਂ, ਨਕਲਾਂ ਤੇ ਤਮਾਸ਼ੇ ਕਰਨ ਵਾਲਿਆਂ ਨੇ ਆਪੋ ਆਪਣੇ ਅਖਾੜੇ ਸਜਾਏ ਹੁੰਦੇ ਸਨ ਤੇ ਇਹ 'ਲੋਕ-ਕਲਾਕਾਰ' ਆਏ ਹੋਏ ਲੋਕਾਂ ਦਾ ਭਰਪੂਰ ਮਨੋਰੰਜਨ ਕਰਿਆ ਕਰਦੇ ਸਨ। ਇਥੇ ਰੱਸਾਕਸ਼ੀ, ਗੱਤਕਾ, ਨੇਜ਼ਾਬਾਜ਼ੀ, ਮੁੰਗਲੀਆਂ ਫੇਰਨ, ਮੁਗਦਰ ਚੁੱਕਣ, ਵੀਣੀ ਫੜ੍ਹਨ ਆਦਿ ਦੇ ਮੁਕਾਬਲੇ ਹੁੰਦੇ ਸਨ। ਪਹਿਲਵਾਨਾਂ ਦੇ ਘੋਲ ਤੇ ਕਬੱਡੀ ਦੇ ਮੈਚ ਵੀ ਹੁੰਦੇ ਸਨ। ਹੁਣ ਵੀ ਕਈ ਥਾਈਂ ਇਹ ਨਜ਼ਾਰੇ ਵੇਖਣ ਨੂੰ ਮਿਲਦੇ ਹਨ ਜਿਨ੍ਹਾਂ ਵਿਚ ਪੰਜਾਬ ਦੇ ਅਮੀਰ-ਸੱਭਿਆਚਾਰ ਦੀ ਵਧੀਆ ਝਲਕ ਪੈਂਦੀ ਹੈ। ਗੱਭਰੂ ਢੋਲ ਦੀ ਤਾਲ 'ਤੇ "ਜੱਟਾ ਆਈ ਵਿਸਾਖੀ, ਕਣਕਾਂ ਦੀ ਮੁੱਕ ਗਈ ਰਾਖੀ" ਦੀ ਬੋਲੀ ਤੇ ਹੋਰ ਬੋਲੀਆਂ ਪਾ ਕੇ ਪੰਜਾਬ ਦਾ ਮਸ਼ਹੂਰ ਲੋਕ-ਨਾਚ ਭੰਗੜਾ ਪਾ ਕੇ ਆਪਣੀ ਖ਼ੁਸ਼ੀ ਦਾ ਇਜ਼ਹਾਰ ਕਰਦੇ ਹਨ।

ਵਿਸਾਖੀ ਦੇ ਇਨ੍ਹਾਂ ਮੇਲਿਆਂ ਨੂੰ ਤੱਕ ਕੇ ਹੀ ਪ੍ਰਸਿੱਧ ਕਵੀ ਧਨੀ ਰਾਮ ਚਾਤ੍ਰਿਕ ਨੇ ਇਹ ਬੋਲ ਉਚਾਰੇ ਹਨ ਜੋ ਅੱਜ ਵੀ ਹਰੇਕ ਪੰਜਾਬੀ ਦੀ ਜ਼ੁਬਾਨ 'ਤੇ ਹਨ:


*"ਤੂੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ,*
*ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ।*
*ਮੀਹਾਂ ਦੀ ਉਡੀਕ 'ਚ ਸਿਆੜ ਕੱਢ ਕੇ,*
*(ਕਾਮੇ) ਨੂੰ ਘਰ-ਬਾਹਰ ਦੀ ਰਾਖੀ ਛੱਡ ਕੇ।*
*ਪੱਗ, ਝੱਗਾ, ਚਾਦਰ ਨਵੀਂ ਸਵਾਇ ਕੇ,*
*ਸੰਮਾਂ ਵਾਲੀ ਡਾਂਗ ਉੱਤੇ ਤੇਲ ਲਾਇ ਕੇ,*
*ਕੱਛੇ ਮਾਰ ਵੰਝਲੀ ਅਨੰਦ ਛਾ ਗਿਆ,*
*ਮਾਰਦਾ ਦਮਾਮੇ ਜੱਟ ਮੇਲੇ ਆ ਗਿਆ......।"*

ਮੇਰੇ ਖ਼ਿਆਲ ਵਿਚ ਜਦੋਂ ਚਾਤ੍ਰਿਕ ਜੀ ਨੇ ਇਹ ਗੀਤ ਲਿਖਿਆ ਹੈ, ਉਦੋਂ ਕਣਕ ਦੀ ਫਸਲ ਅੱਜ ਨਾਲੋਂ ਬਹੁਤ ਪਹਿਲਾਂ ਪੱਕ ਜਾਂਦੀ ਹੋਵੇਗੀ ਤੇ ਇਸ ਦੀ ਵਾਢੀ ਵਿਸਾਖੀ ਤੋਂ ਪਹਿਲਾਂ ਚੇਤਰ ਮਹੀਨੇ ਵਿਚ ਹੀ ਹਰ ਹਾਲਤ ਵਿਚ ਹੋ ਜਾਂਦੀ ਹੋਵੇਗੀ। ਤਾਂ ਹੀ ਜੱਟ 'ਹਾੜੀ ਵੇਚ-ਵੱਟਣ' ਅਤੇ 'ਲੰਬੜਾਂ-ਸ਼ਾਹਾਂ ਦਾ ਹਿਸਾਬ-ਕਿਤਾਬ ਚੁਕਾਉਣ' ਉਪਰੰਤ ਵਿਹਲਾ ਹੋ ਕੇ ਵਿਸਾਖੀ ਦੇ ਮੇਲੇ 'ਤੇ ਆਉਂਦਾ ਹੋਵੇਗਾ। ਹੁਣ ਸਾਲੋ-ਸਾਲ ਬਦਲ ਰਹੇ ਮੌਸਮ ਕਾਰਨ ਪੰਜਾਬ ਵਿਚ ਕਣਕ ਦੇਰ ਨਾਲ ਪੱਕਣ ਕਰਕੇ ਇਸ ਦੀ ਵਾਢੀ ਕਾਫੀ ਲੇਟ ਹੋ ਜਾਂਦੀ ਹੈ ਤੇ ਇਹ ਆਮ ਤੌਰ 'ਤੇ ਵਿਸਾਖੀ ਤੋਂ ਬਾਦ ਹੀ ਸ਼ੁਰੂ ਹੁੰਦੀ ਹੈ। ਪਰ ਇਹ ਗੀਤ ਜੋ ਇਕ 'ਲੋਕ-ਗੀਤ' ਦਾ ਦਰਜਾ ਅਖ਼ਤਿਆਰ ਕਰ ਚੁੱਕਾ ਹੈ ਅਤੇ ਹਰੇਕ ਮੇਲੇ ਤੇ ਭੰਗੜਾ-ਮੁਕਾਬਲਿਆਂ ਦਾ ਸ਼ਿੰਗਾਰ ਹੁੰਦਾ ਹੈ, ਦੀ ਆਪਣੀ ਹੀ ਇਤਿਹਾਸਕ ਤੇ ਸਭਿਆਚਾਰਕ-ਮਹੱਤਤਾ ਹੈ ਤੇ ਇਹ ਅੱਜ ਦੇ ਸੰਦਰਭ ਵਿਚ ਵੀ ਓਨਾ ਹੀ ਪ੍ਰਸੰਗਕ ਹੈ।

ਇੰਜ, ਸਾਡੇ ਭਾਰਤ ਦੇ ਉੱਤਰੀ-ਖਿੱਤੇ ਵਿਚ ਵਿਸਾਖੀ ਦੇ ਇਸ ਦਿਹਾੜੇ ਦੀ ਇਤਿਹਾਸਕ ਤੇ ਧਾਰਮਿਕ ਮਹੱਤਤਾ ਦੇ ਨਾਲ ਨਾਲ ਸਮਾਜਿਕ ਤੇ ਸਭਿਆਚਾਰਕ ਤਿਓਹਾਰ ਹੋਣ ਕਰਕੇ ਓਨੀ ਹੀ ਮਹਾਨਤਾ ਹੈ। ਇੱਥੇ ਕੈਨੇਡਾ ਵਿਚ ਵੀ ਵਿਸਾਖੀ ਦਾ ਦਿਹਾੜਾ ਬੜੇ ਚਾਅ ਅਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਲੋਕ ਵੱਖ-ਵੱਖ ਗੁਰਦੁਆਰਾ ਸਾਹਿਬਾਨ ਵਿਖੇ ਜਾ ਕੇ ਨਤ-ਮਸਤਕ ਹੁੰਦੇ ਹਨ ਅਤੇ ਰਾਗੀਆਂ, ਢਾਡੀਆਂ ਅਤੇ ਕਥਾਕਾਰਾਂ ਕੋਲੋਂ ਇਸ ਦਿਨ ਦੀ ਮਹੱਤਤਾ ਬਾਰੇ ਵਿਖਿਆਨ ਸੁਣਦੇ ਹਨ। ਹੁਣ ਤਾਂ ਇਹ ਧਾਰਮਿਕ ਅਤੇ ਸਭਿਆਚਾਰਕ ਤਿਓਹਾਰ ਕੈਨੇਡਾ ਦੀ ਪਾਰਲੀਮੈਂਟ ਵਿਚ ਵੀ ਜਾ ਪਹੁੰਚਾ ਹੈ ਜਿੱਥੇ ਇਸ ਪਵਿੱਤਰ ਦਿਹਾੜੇ ਤੋਂ ਦੋ ਦਿਨ ਪਹਿਲਾਂ ਗੁਰਬਾਣੀ ਦਾ ਅਖੰਡ ਪਾਠ ਆਰੰਭ ਕੀਤਾ ਜਾਂਦਾ ਹੈ ਅਤੇ ਇਸ ਦਾ ਭੋਗ ਵਿਸਾਖੀ ਵਾਲੇ ਦਿਨ ਪਾਇਆ ਜਾਂਦਾ ਹੈ। ਉਪਰੰਤ, ਗੁਰਬਾਣੀ ਦਾ ਕੀਰਤਨ, ਕਥਾ ਅਤੇ ਗੁਰਬਾਣੀ ਵਿਚਾਰ ਸਾਂਝੇ ਕੀਤੇ ਜਾਂਦੇ ਹਨ। ਉਪਰੰਤ, 'ਗੁਰੂ ਕਾ ਲੰਗਰ' ਅਟੁੱਟ ਵਰਤਾਇਆ ਜਾਂਦਾ ਹੈ।

ਵਿਸਾਖੀ ਦਾ ਇਹ ਤਿਓਹਾਰ ਸਾਡੇ ਸਾਂਝੇ-ਸਭਿਆਚਾਰ ਦਾ ਪ੍ਰਤੀਕ ਹੈ ਅਤੇ ਇਹ ਸਾਡੇ ਜੀਵਨ ਦਾ ਅਹਿਮ ਹਿੱਸਾ ਬਣ ਚੁੱਕਾ ਹੈ। ਅਜਿਹੇ ਤਿਓਹਾਰ ਸਾਨੂੰ ਸਾਰਿਆਂ ਮਿਲ ਕੇ ਸੁਚੱਜੀ ਤੇ ਪਵਿੱਤਰ ਭਾਵਨਾ ਨਾਲ ਮਨਾਉਣੇ ਚਾਹੀਦੇ ਹਨ। ਇਸ ਦਿਨ ਸ਼ਰਾਬ ਜਾਂ ਕਿਸੇ ਹੋਰ ਨਸ਼ੇ ਦਾ ਸੇਵਨ ਨਹੀਂ ਹੋਣਾ ਚਾਹੀਦਾ, ਸਗੋਂ ਪ੍ਰੀਵਾਰ ਨਾਲ ਮਿਲ ਕੇ ਇਸ ਨੂੰ ਹੱਸ-ਖੇਡ ਕੇ ਖ਼ੁਸ਼ੀਆਂ ਨਾਲ ਮਨਾਇਆ ਜਾਣਾ ਚਾਹੀਦਾ ਹੈ।





# ਵਿਸਾਖੀ ਦਾ ਤਿਉਹਾਰ

ਵਿਸਾਖੀ ਇੱਕੋ-ਇੱਕ ਭਾਰਤੀ ਤਿਉਹਾਰ ਹੈ ਜੋ ਸੂਰਜੀ ਕੈਲੰਡਰ 'ਤੇ ਅਧਾਰਤ ਹੈ। ਇਸ ਦਿਨ, ਧਰਤੀ ਸੂਰਜ ਦੇ ਦੁਆਲੇ ਇੱਕ ਚੱਕਰ ਪੂਰਾ ਕਰ ਲੈਂਦੀ ਹੈ ਅਤੇ ਅਗਲਾ ਚੱਕਰ ਸ਼ੁਰੂ ਕਰਦੀ ਹੈ। ਇਕ ਹੋਰ ਦਿਲਚ-ਸਪ ਗੱਲ ਇਹ ਹੈ ਕਿ ਭਾਰਤ ਵਿਚ ਮਹੀਨਿਆਂ ਦੇ ਨਾਂ ਤਾਰਾ ਮੰਡਲ ਦੇ ਆਧਾਰ 'ਤੇ ਰੱਖੇ ਗਏ ਹਨ। ਵਿਸਾਖੀ ਸਮੇਂ ਅਸਮਾਨ ਵਿੱਚ ਵਿਸਾਖ ਨਕਸ਼ਤਰ ਹੁੰਦਾ ਹੈ ਜਿਸ ਕਾਰਨ ਇਸ ਮਹੀਨੇ ਨੂੰ 'ਵਿਸਾਖ' ਕਿਹਾ ਜਾਂਦਾ ਹੈ ਅਤੇ ਵਿਸਾਖ ਮਹੀਨੇ ਦੇ ਪਹਿਲੇ ਦਿਨ ਨੂੰ 'ਵਿਸਾਖੀ' ਦਾ ਨਾਂ ਦਿੱਤਾ ਗਿਆ ਅਤੇ ਇਸ ਨੂੰ ਤਿਉਹਾਰ ਵਜੋਂ ਪ੍ਰਵਾਨ ਕੀਤਾ ਗਿਆ। ਸਕੂਲ ਦਾ ਸੈਸ਼ਨ ਵੀ ਅਪ੍ਰੈਲ ਦੇ ਮਹੀਨੇ ਭਾਵ ਵਿਸਾਖ ਤੋਂ ਸ਼ੁਰੂ ਹੁੰਦਾ ਹੈ। ਵਿਸਾਖੀ ਵਾਲੇ ਦਿਨ ਸੂਰਜ ਮੇਸ਼ ਰਾਸ਼ੀ 'ਚ ਪ੍ਰਵੇਸ਼ ਕਰਦਾ ਹੈ, ਇਸ ਲਈ ਇਸ ਨੂੰ 'ਮੇਸ਼ ਸੰਕ੍ਰਾਂਤੀ' ਵੀ ਕਿਹਾ ਜਾਂਦਾ ਹੈ।

ਵਿਸਾਖੀ ਦੇ ਤਿਉਹਾਰ ਨੂੰ ਵੱਖ-ਵੱਖ ਰਾਜਾਂ ਵਿੱਚ ਵੱਖ-ਵੱਖ ਨਾਵਾਂ ਨਾਲ ਜਾਣਿਆ ਜਾਂਦਾ ਹੈ। ਅਸਾਮ ਵਿੱਚ ਰੋਂਗਲੀ ਬਿਹੂ, ਓਡੀਸ਼ਾ ਵਿੱਚ ਮਹਾਂ ਵਿਸ਼ਵ ਸੰਕ੍ਰਾਂਤੀ, ਪੱਛਮੀ ਬੰਗਾਲ ਅਤੇ ਤ੍ਰਿਪੁਰਾ ਵਿੱਚ ਪੋਹੇਲਾ ਬੋਸ਼ਾਖ ਜਾਂ ਨਾਬਾ ਬਾਰਸ਼ਾ ਅਤੇ ਆਂਧਰਾ ਪ੍ਰਦੇਸ਼, ਤੇਲੰਗਾਨਾ ਤੇ ਕਰਨਾਟਕ ਵਿੱਚ ਉਗਾਦੀ, ਤੁਲੂ ਲੋਕਾਂ ਵਿੱਚ ਬਿਸੂ, ਕੁਮਾਊਂ, ਉੱਤਰਾਖੰਡ ਵਿੱਚ ਬਿਖੂ ਜਾਂ ਬਿਖੌਤੀ, ਤਾਮਿਲਨਾਡੂ ਵਿੱਚ ਪੁਥੰਡੂ ਅਤੇ ਕੇਰਲ ਵਿੱਚ ਵਿਸੂ ਤਿਓਹਾਰ ਵਜੋਂ ਮਨਾਇਆ ਜਾਂਦਾ ਹੈ।

ਖੁਸ਼ਹਾਲੀ ਦਾ ਪ੍ਰਤੀਕ, ਵਿਸਾਖੀ ਦਾ ਤਿਉਹਾਰ ਭਾਰਤੀਆਂ, ਖਾਸ ਕਰਕੇ ਪੰਜਾਬੀਆਂ ਲਈ ਧਾਰਮਿਕ, ਸੱਭਿਆਚਾਰਕ ਅਤੇ ਇਤਿਹਾਸਕ ਮਹੱਤਵ ਰੱਖਦਾ ਹੈ। ਖ਼ਾਲਸਾ ਪੰਥ ਦੀ ਸਥਾਪਨਾ ਅਤੇ ਜਲ੍ਹਿਆਂਵਾਲਾ ਬਾਗ ਦਾ ਸਾਕਾ ਵਿਸਾਖੀ ਨਾਲ ਸਬੰਧਤ ਮਹੱਤਵਪੂਰਨ ਇਤਿਹਾਸਕ ਘਟਨਾਵਾਂ ਹਨ। ਵਿਸਾਖ ਸੰਵਤ 1756 ਭਾਵ 1699 ਈ: ਵਿਚ ਵਿਸਾਖੀ ਵਾਲੇ ਦਿਨ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਆਨੰਦਪੁਰ ਸਾਹਿਬ ਸਥਿਤ ਕੇਸਗੜ੍ਹ ਵਿਖੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਸੀ। ਵਿਸਾਖੀ ਦਾ ਤਿਉਹਾਰ ਪੰਜਾਬ ਦੇ ਪ੍ਰਸਿੱਧ ਗੁਰਦੁਆਰਿਆਂ ਖਾਸ ਕਰਕੇ ਸ੍ਰੀ ਦਮਦਮਾ ਸਾਹਿਬ ਵਿਖੇ ਖ਼ਾਲਸਾ ਪੰਥ ਦੇ ਜਨਮ ਦਿਹਾੜੇ ਵਜੋਂ ਮਨਾਇਆ ਜਾਂਦਾ ਹੈ। ਇਸ ਮੌਕੇ ਲੱਖਾਂ ਦੀ ਗਿਣਤੀ ਵਿੱਚ ਸੰਗਤਾਂ ਧਾਰਮਿਕ ਦੀਵਾਨਾਂ ਵਿਚ ਸ਼ਰਿਕਤ ਕਰਦੀਆਂ ਹਨ

ਸੰਨ 1919 ਵਿਚ ਵਿਸਾਖੀ ਦੇ ਪਵਿੱਤਰ ਦਿਹਾੜੇ 'ਤੇ ਭਾਰਤ ਵਿਚ 'ਰੋਲੇਟ ਐਕਟ' ਅਤੇ ਅੰਮ੍ਰਿਤਸਰ ਵਿਚ 'ਮਾਰਸ਼ਲ ਲਾਅ' ਲਾਗੂ ਕਰਨ ਦੇ ਵਿਰੋਧ ਵਿਚ ਅੰਮ੍ਰਿਤਸਰ ਵਿਖੇ ਸ੍ਰੀ ਹਰਿਮੰਦਰ ਸਾਹਿਬ ਨੇੜੇ ਜਲਿਆਂਵਾਲਾ ਬਾਗ ਵਿਚ ਇਕ ਵੱਡਾ ਇਕੱਠ ਕੀਤਾ ਗਿਆ ਸੀ। ਜਨਰਲ ਡਾਇਰ ਨੇ ਇਸ ਬਾਗ ਦੇ ਇਕੋ-ਇਕ ਗੇਟ 'ਤੇ ਕਬਜ਼ਾ ਕਰ ਕੇ ਬਿਨਾਂ ਕੋਈ ਚੇਤਾਵਨੀ ਦਿੱਤੇ ਨਿਹੱਥੇ ਲੋਕਾਂ 'ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇਸ ਘਿਨੌਣੇ ਕਤਲੇਆਮ ਵਿੱਚ ਬਹੁਤ ਸਾਰੇ ਲੋਕਾਂ ਦੀ ਜਾਨ ਚਲੀ ਗਈ।

ਜੇਕਰ ਸੱਭਿਆਚਾਰਕ ਨਜ਼ਰੀਏ ਤੋਂ ਦੇਖਿਆ ਜਾਵੇ ਤਾਂ ਵਿਸਾਖੀ ਅਸਲ



ਰਤਿਕਾ ਓਬਰਾਏ,
ਆਕਾਸ਼ਵਾਣੀ, ਚੰਡੀਗੜ੍ਹ।

ਵਿੱਚ ਕਿਸਾਨਾਂ ਦਾ ਤਿਉਹਾਰ ਹੈ ਜੋ ਉੱਤਰੀ ਭਾਰਤ ਵਿੱਚ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਇਸ ਖੇਤਰ ਦੀ ਮੁੱਖ ਫ਼ਸਲ ਕਣਕ ਪੱਕ ਕੇ ਤਿਆਰ ਹੋ ਜਾਂਦੀ ਹੈ ਅਤੇ ਹਾੜੀ ਦੀਆਂ ਹੋਰ ਫ਼ਸਲਾਂ ਜਿਵੇਂ ਤੇਲ ਬੀਜ, ਗੰਨੇ ਆਦਿ ਦੀ ਵਾਢੀ ਵੀ ਸ਼ੁਰੂ ਹੋ ਜਾਂਦੀ ਹੈ।

ਕਿਸਾਨਾਂ ਦੀਆਂ ਆਰਥਿਕ, ਸਮਾਜਿਕ ਅਤੇ ਮਾਨਸਿਕ ਲੋੜਾਂ ਅਤੇ ਭਾਵਨਾਵਾਂ ਇਸ ਫ਼ਸਲ ਨਾਲ ਜੁੜੀਆਂ ਹੋਈਆਂ ਹਨ। ਜੋਬਨ ਤੇ ਪੁੱਜੀ ਸੁਨਹਿਰੀ ਫ਼ਸਲ ਨਾਲ ਕਿਸਾਨਾਂ ਦੇ ਚਿਹਰੇ 'ਤੇ ਆਈ ਮੁਸਕਾਨ ਦੇਖਣ ਵਾਲੀ ਹੁੰਦੀ ਹੈ। ਭਰਪੂਰ ਫ਼ਸਲ ਦੀ ਪ੍ਰਾਪਤੀ ਕਰਕੇ ਕਿਸਾਨ ਵਿਸਾਖੀ ਦੇ ਤਿਉਹਾਰ ਨੂੰ ਸ਼ੁਕਰਾਨੇ ਵਜੋਂ ਮਨਾਉਂਦੇ ਹਨ। ਮਹੀਨਿਆਂ ਬੱਧੀ ਖੁੱਲ੍ਹੇ ਅਸਮਾਨ ਹੇਠ ਬਦਲਦੇ ਮੌਸਮਾਂ ਦੀ ਮਾਰ ਝੇਲਦੀ ਆਪਣੀ ਫ਼ਸਲ ਦੇ ਜੋਬਨ ਨੂੰ ਦੇਖ ਕੇ ਅਤੇ ਇਸ ਦੀ ਦੇਖ-ਭਾਲ ਦੇ ਕਾਰਜ ਤੋਂ ਮੁਕਤ ਹੋਏ ਕਿਸਾਨ ਦੀ ਹਾਲਤ ਇਹ ਸਤਰਾਂ ਬਾਖ਼ੂਬੀ ਬਿਆਨ ਕਰਦੀਆਂ ਹਨ:-

*"ਓ ਜੱਟਾ ਆਈ ਵਿਸਾਖੀ,*
*ਕਣਕਾਂ ਦੀ ਮੁੱਕ ਗਈ ਰਾਖੀ।"*

ਔਰਤਾਂ, ਮਰਦਾਂ, ਨੌਜਵਾਨਾਂ, ਬੱਚਿਆਂ ਅਤੇ ਬੁਜ਼ੁਰਗਾਂ ਵੱਲੋਂ ਬੈਲ ਗੱਡੀਆਂ, ਟਰੈਕਟਰ-ਟਰਾਲੀਆਂ ਆਦਿ 'ਤੇ ਸਵਾਰ ਹੋ ਕੇ ਵਿਸਾਖੀ ਦਾ ਮੇਲਾ ਦੇਖਣ ਦੀ ਰਵਾਇਤ ਹਰ ਪਾਸੇ ਵੇਖੀ ਜਾ ਸਕਦੀ ਹੈ। ਮੇਲੇ ਵਾਲੀ ਥਾਂ 'ਤੇ ਕਬੱਡੀ, ਦੰਗਲ-ਕੁਸ਼ਤੀ ਅਤੇ ਹੋਰ ਕਈ ਤਰ੍ਹਾਂ ਦੇ ਖੇਡ-ਤਮਾਸ਼ੇ ਦੇਖਣ ਨੂੰ ਮਿਲਦੇ ਹਨ ਅਤੇ ਗਿੱਧੇ ਤੇ ਭੰਗੜੇ ਦੇ ਨਾਲ ਮੇਲੇ ਨੂੰ ਚਾਰ ਚੰਨ ਲੱਗ ਜਾਂਦੇ ਹਨ। ਗੂੰਜਦੇ ਢੋਲ ਦੀ ਆਵਾਜ਼ ਲਗਾਤਾਰ ਧਰਤੀ ਦੇ ਹਰ ਕਣ ਵਿੱਚ ਉਤਸ਼ਾਹ ਅਤੇ ਜੋਸ਼ ਭਰਦੀ ਜਾਪਦੀ ਹੈ। ਇਸ ਦਿਨ ਪਸ਼ੂਆਂ ਦੀਆਂ ਮੰਡੀਆਂ ਵੀ ਲੱਗਦੀਆਂ ਹਨ।

ਵਿਸਾਖੀ ਦਾ ਤਿਉਹਾਰ ਪੰਜਾਬ ਹੀ ਨਹੀਂ ਸਗੋਂ ਪਹਾੜੀ ਇਲਾਕਿਆਂ ਵਿੱਚ ਵੀ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਕੁਮਾਊਂ, ਗੜ੍ਹਵਾਲ ਅਤੇ ਹਿਮਾਚਲ ਪ੍ਰਦੇਸ਼ ਦੀਆਂ ਪਹਾੜੀਆਂ ਵਿੱਚ ਇਸ ਤਿਉਹਾਰ ਦਾ ਵਿਸ਼ੇਸ਼ ਮਹੱਤਵ ਹੈ। ਪਹਾੜੀ ਲੋਕ ਇਸ ਦਿਨ ਨੂੰ ਮਕਰ ਸੰਕ੍ਰਾਂਤੀ ਵਜੋਂ ਮਨਾਉਂਦੇ ਹਨ। ਇਸ ਦਿਨ ਪਹਾੜੀ ਇਲਾਕਿਆਂ ਵਿਚ ਕੁਝ ਥਾਵਾਂ 'ਤੇ ਵੱਡੇ ਮੇਲੇ ਲੱਗਦੇ ਹਨ। ਇਹ ਮੇਲੇ ਜਿਆਦਾਤਰ ਮਾਤਾ ਦੁਰਗਾ ਦੇ ਮੰਦਿਰਾਂ ਵਿੱਚ ਲੱਗਦੇ ਹਨ। ਪਹਾੜੀ ਖੇਤਰਾਂ ਵਿੱਚ ਦੇਵੀ ਪੂਜਾ ਦਾ ਬਹੁਤ ਮਹੱਤਵ ਹੁੰਦਾ ਹੈ। ਇਸ ਦਿਨ ਲੋਕ ਮੰਦਿਰਾਂ ਵਿਚ ਜਾਕੇ ਦੁਰਗਾ ਮਾਤਾ ਦੀ ਪੂਰੀ ਸ਼ਰਧਾ ਨਾਲ ਪੂਜਾ ਕਰਦੇ ਹਨ। ਇਨ੍ਹਾਂ ਇਲਾਕਿਆਂ ਵਿਚ ਮੇਲਾ ਦੇਖਣ ਦਾ ਆਪਣਾ ਹੀ ਮਜ਼ਾ ਹੈ। ਇਸ ਤਰ੍ਹਾਂ ਪਹਾੜੀ ਖੇਤਰਾਂ ਵਿੱਚ ਇਹ ਤਿਉਹਾਰ ਦੋ ਤਰੀਕਿਆਂ ਨਾਲ ਮਨਾਇਆ ਜਾਂਦਾ ਹੈ, ਇੱਕ ਮਕਰ ਸੰਕ੍ਰਾਂਤੀ ਅਤੇ ਦੂਜਾ ਦੇਵੀ ਦੇ ਮੰਦਰਾਂ ਵਿੱਚ ਮੇਲੇ ਦੇ ਰੂਪ ਵਿੱਚ।

ਭਾਈ ਕਾਹਨ ਸਿੰਘ ਨਾਭਾ ਅਨੁਸਾਰ ਡੱਲਾ ਦੇ ਰਹਿਣ ਵਾਲੇ ਭਾਈ ਪਾਰੋ ਪਰਮਹੰਸ ਨੇ ਸਭ ਤੋਂ ਪਹਿਲਾਂ ਗੁਰੂ ਅਮਰਦਾਸ ਜੀ ਦੇ ਹੁਕਮ 'ਤੇ ਵਿਸਾਖੀ ਦਾ ਮੇਲਾ ਲਗਾਉਣ ਦਾ ਆਗਾਜ਼ ਕੀਤਾ ਸੀ। ਕਿਹਾ ਜਾਂਦਾ ਹੈ ਕਿ ਭਗਵਾਨ ਬੁੱਧ ਨੂੰ ਵਿਸਾਖੀ ਵਾਲੇ ਦਿਨ ਬੋਧ ਗਯਾ ਵਿਖੇ ਗਿਆਨ ਪ੍ਰਾਪਤ ਹੋਇਆ ਸੀ ਅਤੇ ਉਹਨਾਂ ਨੇ ਲੋਕਾਂ ਦੀ ਬਿਹਤਰੀ ਲਈ ਇੱਕ ਨਵੇਂ ਸਮਾਜ ਅਤੇ ਇੱਕ ਨਵੀਂ ਵਿਚਾਰਧਾਰਾ ਨੂੰ ਜਨਮ ਦਿੱਤਾ ਸੀ। ਇਸ ਦਿਨ, ਆਮ ਤੌਰ 'ਤੇ ਪੂਰੇ ਉੱਤਰ ਭਾਰਤ ਵਿਚ ਪਵਿੱਤਰ ਨਦੀਆਂ ਅਤੇ ਝੀਲਾਂ ਵਿਚ ਇਸ਼ਨਾਨ ਕਰਨ ਦੀ ਮਾਨਤਾ ਹੈ। ਚਾਹੇ ਉਹ ਖਾਲਸਾ ਪੰਥ ਦੇ ਪੈਰੋਕਾਰ ਹੋਣ ਜਾਂ ਵੈਸ਼ਨਵ ਧਰਮ ਦੇ, ਸਾਰੇ ਸ਼ਰਧਾਲੂ ਤੜਕੇ ਸਵੇਰੇ ਪਵਿੱਤਰ ਸਰੋਵਰ ਜਾਂ ਨਦੀ ਵਿਚ ਇਸ਼ਨਾਨ ਕਰਨਾ ਪੁੰਨ ਦਾ ਕੰਮ ਸਮਝਦੇ ਹਨ।

ਭਾਰਤ ਵਿੱਚ ਮਨਾਏ ਜਾਂਦੇ ਤਿਉਹਾਰਾਂ ਦੀ ਖ਼ੂਬਸੂਰਤੀ ਇਹ ਹੈ ਕਿ ਇਹ ਤਿਉਹਾਰ ਭਾਰਤੀਆਂ ਨੂੰ ਇੱਕ ਧਾਗੇ ਵਿਚ ਬੰਨ੍ਹ ਕੇ ਰੱਖਦੇ ਹਨ। ਵਿਸਾਖੀ ਦਾ ਤਿਉਹਾਰ ਜਿੱਥੇ ਇਤਿਹਾਸਕ ਅਤੇ ਸੱਭਿਆਚਾਰਕ ਮਹੱਤਵ ਰੱਖਦਾ ਹੈ, ਉੱਥੇ ਇਹ ਤਿਉਹਾਰ ਏਕਤਾ, ਧਰਮ ਨਿਰਪੱਖਤਾ ਅਤੇ ਭਾਵਨਾਤਮਕ ਏਕਤਾ ਦਾ ਪ੍ਰਤੀਕ ਹੈ। ਅੱਜ ਦੇ ਮਸ਼ੀਨੀ ਯੁੱਗ ਅਤੇ ਮਸ਼ਰੂਫ਼ੀਅਤ ਭਰੇ ਜੀਵਨ 'ਚੋਂ ਥੋੜ੍ਹਾ ਸਮਾਂ ਕੱਢ ਕੇ ਜਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਨੂੰ ਯਾਦ ਕਰਨਾ, ਅੰਨ ਦਾਤਿਆਂ ਦਾ ਸ਼ੁਕਰਾਨਾ ਕਰਨਾ ਅਤੇ ਇਤਿਹਾਸ ਤੇ ਸੱਭਿਆਚਾਰ ਦੇ ਰੰਗ ਵਿਚ ਰੰਗ ਕੇ ਮੇਲਿਆਂ ਵਿੱਚ ਹਾਜ਼ਰੀ ਭਰਨਾ ਸਾਡਾ ਫਰਜ਼ ਹੀ ਨਹੀਂ ਸਗੋਂ ਪਹਿਲ ਵੀ ਹੋਣੀ ਚਾਹੀਦੀ ਹੈ।





# ਭਾਰਤ ਦੇ ਚੀਫ ਜਸਟਿਸ ਐਨ.ਵੀ. ਰਮਨਾ ਦਾ ਭਗਵੰਤ ਮਾਨ ਵੱਲੋਂ ਸਵਾਗਤ

ਅੰਮ੍ਰਿਤਸਰ, 13 ਅਪ੍ਰੈਲ (ਗਿਆਨ ਸਿੰਘ) ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਭਾਰਤ ਦੇ ਚੀਫ ਜਸਟਿਸ ਐਨ.ਵੀ. ਰਮਨਾ ਦਾ ਪਵਿੱਤਰ ਨਗਰੀ ਪਹੁੰਚਣ 'ਤੇ ਸਵਾਗਤ ਕੀਤਾ।

ਮੁੱਖ ਮੰਤਰੀ ਨੇ ਜਸਟਿਸ ਐਨ.ਵੀ. ਰਮਨਾ ਨੂੰ ਗੁਲਦਸਤਾ ਭੇਟ ਕਰਕੇ ਸੂਬੇ ਵਿੱਚ ਪਲੇਠੀ ਫੇਰੀ 'ਤੇ ਆਉਣ ਲਈ ਉਹਨਾਂ ਦਾ ਸੁਆਗਤ ਕੀਤਾ। ਭਗਵੰਤ ਮਾਨ ਨੇ ਕਿਹਾ ਕਿ ਭਾਰਤ ਦੇ ਚੀਫ ਜਸਟਿਸ ਅਤੇ ਉਨਾਂ ਦੇ ਪਰਿਵਾਰ ਦੀ ਪੰਜਾਬ ਫੇਰੀ ਦੌਰਾਨ ਪੰਜਾਬ ਦੇ ਲੋਕ ਵਿਸੇਸ ਤੌਰ 'ਤੇ ਸਮੁੱਚੀ ਸੂਬਾ ਸਰਕਾਰ ਉਨਾਂ ਦੇ ਸਵਾਗਤ ਲਈ ਪੱਬਾਂ ਭਾਰ ਹੈ। ਉਨਾਂ ਨੇ ਭਾਰਤ ਦੇ ਚੀਫ ਜਸਟਿਸ ਨੂੰ ਸੂਬੇ ਵੱਲੋਂ ਪਿਆਰ ਦੇ ਪ੍ਰਤੀਕ ਵਜੋਂ ਸ੍ਰੀ ਹਰਿ-ਮੰਦਰ ਸਾਹਿਬ ਦਾ ਮਾਡਲ ਵੀ ਦਿੱਤਾ।

ਇਸ ਮੌਕੇ ਪੰਜਾਬ ਦੇ ਮੁੱਖ ਸਕੱਤਰ ਅਨਿਰੁਧ ਤਿਵਾੜੀ, ਡਾਇਰੈਕਟਰ ਜਨਰਲ ਆਫ ਪੁਲਿਸ ਵੀ.ਕੇ.ਭਾਵਰਾ, ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਏ.ਵੇਣੂ ਪ੍ਰਸਾਦ, ਕਮਿਸਨਰ ਜਲੰਧਰ ਡਵੀਜਨ ਵੀ.ਕੇ.ਮੀਨਾ, ਡਿਪਟੀ ਕਮਿਸਨਰ ਹਰਪ੍ਰੀਤ ਸੂਦਨ, ਪੁਲਿਸ ਕਮਿਸਨਰ ਅਰੁਣਪਾਲ ਸਿੰਘ, ਜ਼ਿਲਾ ਤੇ ਸੈਸਨ ਜੱਜ ਸ੍ਰੀਮਤੀ ਹਰਪ੍ਰੀਤ ਕੌਰ ਰੰਧਾਵਾ ਅਤੇ ਹੋਰ ਵੀ ਹਾਜ਼ਰ ਸਨ।






# ਪੁੱਡਾ ਦਾ ਸੈਕਸ਼ਨ ਅਫ਼ਸਰ ਇੱਕ ਲੱਖ ਰੁਪਏ ਦੀ ਰਿਸ਼ਵਤ ਲੈਂਦਾ ਕਾਬੂ

ਐਸ ਏ ਐਸ ਨਗਰ, 13 ਅਪ੍ਰੈਲ (ਪੋਸਟ ਬਿਊਰੋ)- ਵਿਜੀਲੈਂਸ ਬਿਊਰੋ ਨੇ ਪੰਜਾਬ ਅਰਬਨ ਡਿਵੈਲਪਮੈਂਟ ਅਥਾਰਟੀ (ਪੁੱਡਾ) ਮੁਹਾਲੀ ਦੇ ਇੱਕ ਸੈਕਸ਼ਨ ਅਫ਼ਸਰ ਨੂੰ ਇੱਕ ਲੱਖ ਰੁਪਏ ਰਿਸ਼ਵਤ ਲੈਂਦਿਆਂ ਰੰਗੇ-ਹੱਥੀਂ ਗ੍ਰਿਫ਼ਤਾਰ ਕੀਤਾ ਹੈ। ਸੈਕਸ਼ਨ ਅਫ਼ਸਰ ਦੀ ਪਛਾਣ ਦਵਿੰਦਰ ਕੁਮਾਰ ਵਜੋਂ ਹੋਈ ਹੈ।

ਮਿਲੀ ਜਾਣਕਾਰੀ ਅਨੁਸਾਰ ਨਿਰਮਲ ਸਿੰਘ ਕੰਡਾ ਫੇਜ਼-11 ਵਿਖੇ ਸੁਨਿਆਰੇ ਦੀ ਦੁਕਾਨ ਕਰਦਾ ਹੈ ਤੇ ਫੇਜ਼-11 ਦਾ ਵਸਨੀਕ ਹੈ। ਉਸ ਨੇ ਵਿਜੀਲੈਂਸ ਵਿਭਾਗ ਨੂੰ ਦੱਸਿਆ ਕਿ ਪੁੱਡਾ ਨੇ ਉਸ ਨੂੰ ਫੇਜ਼-11 ਵਿਖੇ ਇੱਕ ਬੂਥ ਅਲਾਟ ਕੀਤਾ ਹੈ। ਉਕਤ ਬੂਥ ਦੀ ਅਲਾਟਮੈਂਟ ਰੱਦ ਨਾ ਕਰਨ ਦੇ ਬਦਲੇ ਸੈਕਸ਼ਨ ਅਫ਼ਸਰ ਦਵਿੰਦਰ ਕੁਮਾਰ ਉਸ ਕੋਲੋਂ ਇੱਕ ਲੱਖ ਰੁਪਏ ਰਿਸ਼ਵਤ ਮੰਗਦਾ ਸੀ, ਜਦਕਿ ਉਹ ਪਹਿਲਾਂ ਹੀ ਸੈਕਸ਼ਨ ਅਫ਼ਸਰ ਨੂੰ 50 ਹਜ਼ਾਰ ਰੁਪਏ ਬਤੌਰ ਰਿਸ਼ਵਤ ਦੇ ਚੁੱਕਾ ਹੈ। ਸ਼ਿਕਾਇਤਕਰਤਾ ਮੁਤਾਬਕ ਉਕਤ ਅਫ਼ਸਰ ਹੋਰ ਇੱਕ ਲੱਖ ਰੁਪਏ ਲੈਣ ਲਈ ਉਸ ਨੂੰ ਵਾਰ-ਵਾਰ ਧਮਕਾ ਰਿਹਾ ਸੀ। ਕੰਡਾ ਨੇ ਉਸ ਦੀ ਸ਼ਿਕਾਇਤ ਵਿਜੀਲੈਂਸ ਨੂੰ ਕੀਤੀ ਤਾਂ ਵਿਜੀਲੈਂਸ ਟੀਮ ਨੇ ਕੱਲ੍ਹ ਦੁਪਹਿਰੇ ਟਰੈਪ ਲਾ ਕੇ ਸੈਕਸ਼ਨ ਅਫ਼ਸਰ ਦਵਿੰਦਰ ਕੁਮਾਰ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਪੁੱਡਾ ਭਵਨਤੋਂ 1 ਲੱਖ ਰੁਪਏ ਰਿਸ਼ਵਤ ਲੈਂਦਿਆਂ ਰੰਗੇ-ਹੱਥੀਂ ਗ੍ਰਿਫ਼ਤਾਰ ਕਰ ਲਿਆ ਅਤੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।




# ਕਿਸਾਨ ਜਥੇਬੰਦੀਆਂ ਦੀ ਕਾਰੋਪੇਰਟ ਅਦਾਰਿਆਂ ਖ਼ਿਲਾਫ਼ ਲੜਾਈ ਢਿੱਲੀ ਨਿਕਲੀ

### * ਅਡਾਨੀ ਦੇ ਸਾਇਲੋ ਮੂਹਰੇ ਕਣਕ ਦੀਆਂ ਟਰਾਲੀਆਂ ਜਾ ਖੜੋਤੀਆਂ

ਜਲੰਧਰ, 13 ਅਪ੍ਰੈਲ (ਪੋਸਟ ਬਿਊਰੋ)- ਭਾਰਤ ਦੇ ਕਾਰਪੋਰੇਟ ਅਦਾਰਿਆਂ (ਕੇਂਦਰ ਦੇ ਖੇਤੀ ਕਾਨੂੰਨਾਂ) ਖ਼ਿਲਾਫ਼ ਪੰਜਾਬ ਦੀਆਂ 32 ਦੇ ਕਰੀਬ ਕਿਸਾਨ ਜਥੇਬੰਦੀਆਂ ਵੱਲੋਂ ਸਾਲ ਭਰ ਲੜੇ ਲੰਬੇ ਸੰਘਰਸ਼ ਦੀ ਫੂਕ ਓਦੋਂ ਨਿਕਲ ਗਈ, ਜਦੋਂ ਵੱਡੀ ਗਿਣਤੀਵਿੱਚ ਕਿਸਾਨਾਂ ਨੇ ਖੁਦ ਹੀ ਨਿੱਜੀ ਮੰਡੀਆਂ ਵੱਲ ਰੁਖ ਕੀਤਾ ਤੇ ਮੋਗਾ ਨੇੜੇ ਅਡਾਨੀ ਦੇ ਸਾਇਲੋ ਵਿੱਚ ਕਣਕ ਲੈ ਕੇ ਜਾਣਾ ਸ਼ੁਰੂ ਕਰ ਦਿੱਤਾ। ਅਡਾਨੀ ਦੇ ਸਾਇਲੋ ਅੱਗੇ ਕਣਕ ਦੀਆਂ ਟਰੈਕਟਰ-ਟਰਾਲੀਆਂ ਦੀਆਂ ਲੰਬੀਆਂ ਕਤਾਰਾਂ ਨੇ ਕਿਸਾਨ ਆਗੂਆਂ ਦੀ ਸਥਿਤੀ ਪਤਲੀ ਕਰ ਦਿੱਤੀ ਹੈ ਤੇ ਉਨ੍ਹਾਂ ਨੂੰ ਸ਼ੋਸ਼ਲ ਮੀਡੀਆ ਉੱਤੇ ਕਿਸਾਨਾਂ ਸਮੇਤ ਆਮ ਲੋਕਾਂ ਦੀ ਆਲੋਚਨਾ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਸਵਾਲਾਂ ਦੇ ਜਵਾਬ ਦੇਣੇ ਔਖੇ ਹੋ ਰਹੇ ਹਨ।



ਓਧਰ ਮੋਗਾ ਜ਼ਿਲ੍ਹੇ ਦੀਆਂ ਅੱਠ ਦੇ ਕਰੀਬ ਮੰਡੀਆਂ ਦਾ ਜਿੱਥੇ ਪੂਰੀ ਤਰ੍ਹਾਂ ਭੋਗ ਪੈ ਚੁੱਕਾ ਹੈ, ਉਥੇ ਤਿੰਨ ਦਰਜਨ ਦੇ ਕਰੀਬ ਹੋਰ ਮੰਡੀਆਂ ਬੰਦ ਹੋਣ ਕੰਢੇ ਉੱਤੇ ਪਹੁੰਚ ਗਈਆਂ ਹਨ। ਜ਼ਿਆਦਾਤਰ ਮੰਡੀਆਂ ਵਿੱਚ ਕਾਂ ਬੋਲਦੇ ਹਨ। ਨਿੱਜੀ ਮੰਡੀਆਂ ਵਿੱਚ ਸਾਰਾ ਕੰਮ ਮਸ਼ੀਨੀ ਹੋਣ ਕਾਰਨ ਸਰਕਾਰੀ ਮੰਡੀਆਂ ਵਿੱਚ ਕੰਮ ਕਰਦੇ ਹਜ਼ਾਰਾਂ ਮਜ਼ਦੂਰ ਵਿਹਲੇ ਹੋ ਗਏ ਹਨ। ਕਿਸਾਨਾਂ ਨੂੰ ਇਥੇ ਛੜਾਈ ਅਤੇ ਭਰਾਈ ਆਦਿ ਦਾ ਖਰਚਾ ਨਹੀਂ ਪੈਂਦਾ ਤੇ ਸਾਇਲੋ ਵਿੱਚ ਪੁੱਜੀ ਟਰਾਲੀ ਨੂੰ ਮਸ਼ੀਨਾਂ ਨਾਲ ਉਲਟ ਕੇ ਤੁਰੰਤ ਖ਼ਾਲੀ ਕਰ ਦਿੱਤਾ ਜਾਂਦਾ ਹੈ ਅਤੇ ਮਿੰਟਾਂ ਵਿੱਚ ਕਿਸਾਨ ਵਿਹਲਾ ਹੋ ਜਾਂਦਾ ਹੈ, ਉਸ ਨੂੰ ਆੜ੍ਹਤ ਦਾ ਵਾਧੂ ਖਰਚਾ ਵੀ ਨਹੀਂ ਦੇਣਾ ਪੈਂਦਾ। ਨਿੱਜੀ ਮੰਡੀਆਂ ਵਿੱਚ ਖ਼ਰੀਦ ਸਰਕਾਰੀ ਏਜੰਸੀ ਐਫ ਸੀ ਆਈ ਵੱਲੋਂ ਕੀਤੀ ਜਾਂਦੀ ਹੈ ਤੇ ਆੜ੍ਹਤੀਆਂ ਨੂੰ ਉਨ੍ਹਾਂ ਦੀ ਬਣਦੀ ਆੜ੍ਹਤ ਦਿੱਤੀ ਜਾਂਦੀ ਹੈ ਪਰ ਅਸਲ ਵਿੱਚ ਇਹ ਲੁਕਵੇਂ ਢੰਗ ਨਾਲ ਨਿੱਜੀ ਮੰਡੀਆਂ ਨੂੰ ਉਤਸ਼ਾਹਿਤ ਕਰਨ ਵੱਲ ਪੁੱਟਿਆ ਪਹਿਲਾ ਕਦਮ ਦੱਸਿਆ ਜਾਂਦਾ ਹੈ।

ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਇਹ ਸਰਕਾਰੀ ਮੰਡੀਆਂ ਨੂੰ ਖ਼ਤਮ ਕਰਨ ਅਤੇ ਨਿੱਜੀ ਮੰਡੀਆਂ ਨੂੰ ਉਤਸ਼ਾਹਿਤ ਕਰਨ ਦੀ ਵੱਡੀ ਸਾਜਿਸ਼ ਹੈ। ਉਨ੍ਹਾਂ ਕਿਹਾ ਕਿ ਅਸਲ ਵਿੱਚ ਨਿੱਜੀ ਮੰਡੀ ਦੀ ਸ਼ੁਰੂਆਤ ਓਦੋਂ ਹੋ ਗਈ ਸੀ, ਜਦੋਂ ਪ੍ਰਮੁੱਖ ਖ਼ਰੀਦ ਏਜੰਸੀ ਐਫ ਸੀ ਆਈ ਨੇ ਅਡਾਨੀ ਦਾ ਸਾਇਲੋ 25 ਸਾਲ ਲਈ ਕਿਰਾਏ ਉੱਤੇ ਲੈ ਲਿਆ ਸੀ। ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਪ੍ਰਧਾਨ ਡਾ. ਦਰਸ਼ਨ ਪਾਲ ਨੇ ਕਿਹਾ ਕਿ ਕਿਸਾਨ ਜਥੇਬੰਦੀਆਂ ਇਸ ਨੂੰ ਗੰਭੀਰਤਾ ਨਾਲ ਲੈ ਰਹੀਆਂ ਹਨ ਅਤੇ ਜਲਦੀ ਹੀ ਸੰਯੁਕਤ ਕਿਸਾਨ ਮੋਰਚੇ ਦੀ ਮੀਟਿੰਗ ਹੋਵੇਗੀ।

ਆਮ ਲੋਕਾਂ ਵੱਲੋਂ ਸ਼ੋਸ਼ਲ ਮੀਡੀਆ ਉੱਤੇ ਸਵਾਲਾਂ ਦੀ ਵਾਛੜ ਕਰ ਕੇ ਪੁੱਛਿਆ ਜਾ ਰਿਹਾ ਹੈ ਕਿ ਜੇ ਅਡਾਨੀ ਦੇ ਸਾਇਲੋ ਵਿੱਚ ਹੀ ਕਣਕ ਵੇਚਣੀ ਸੀ ਤਾਂ ਏਡਾ ਸੰਘਰਸ਼ ਲੜਨ ਅਤੇ 700 ਕਿਸਾਨ ਮਰਵਾਉਣ ਦੀ ਕੀ ਲੋੜ ਸੀ? ਘਿਰੇ ਹੋਏ ਕਿਸਾਨ ਆਗੂਆਂ ਬੇਸ਼ੱਕ ਆਪਣੇ ਤਰਕ ਦੇ ਹਨ ਤੇ ਇਸ ਨੂੰ ਕਿਸਾਨਾਂ ਦੀ ਆਰਥਿਕ ਸਥਿਤੀ ਨਾਲ ਜੋੜ ਕੇ ਲੋਕਾਂ ਦੇ ਸ਼ਬਦੀ ਹਮਲਿਆਂ ਤੋਂ ਬਚਣ ਦਾ ਯਤਨ ਕਰਦੇ ਹਨ, ਪਰ ਕਿਸਾਨਾਂ ਵੱਲੋਂ ਖ਼ੁਦ ਹੀ ਅਡਾਨੀ ਦੇ ਸਾਇਲੋ ਵਿੱਚ ਕਣਕ ਲੈ ਕੇ ਜਾਣ ਨੇ ਕਿਸਾਨੀ ਅੰਦੋਲਨ ਦਾ ਸਾਥ ਦੇਣ ਵਾਲੇ ਕਿਸਾਨਾਂ ਅਤੇ ਆਮ ਲੋਕਾਂ ਨੂੰ ਵੀ ਕਾਫ਼ੀ ਨਿਰਾਸ਼ ਕੀਤਾ ਹੈ।

# ਪੰਜਾਬ ਸਰਕਾਰ ਨੇ ਸਕੂਲੀ ਬੱਚਿਆਂ ਲਈ ਕਿਤਾਬਾਂ ਅਤੇ ਵਰਦੀ ਕਿਸੇ ਵੀ ਦੁਕਾਨ ਤੋਂ ਖਰੀਦਣ ਦੀ ਖੁੱਲ੍ਹ ਦਿੱਤੀ

ਚੰਡੀਗੜ੍ਹ, 13 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਕਿਤਾਬਾਂ ਤੇ ਸਕੂਲਾਂ ਦੀ ਵਰਦੀ ਬਾਰੇ ਮਾਪਿਆਂ ਦੀ ਹੁੰਦੀ ਲੁੱਟ ਰੋਕਣ ਲਈ ਪ੍ਰਾਈਵੇਟ ਸਕੂਲਾਂ ਨੂੰ ਅਲਟੀਮੇਟਮ ਅਤੇ ਸਪੱਸ਼ਟ ਸੁਨੇਹਾ ਦੇ ਦਿੱਤਾ ਹੈ ਕਿ ਜੇ ਕਿਸੇ ਪ੍ਰਾਈਵੇਟ ਸਕੂਲ ਨੇ ਮਾਪਿਆਂ ਨੂੰ ਖਾਸ ਦੁਕਾਨ ਤੋਂ ਕਿਤਾਬਾਂ ਤੇ ਵਰਦੀ ਖਰੀਦਣ ਲਈ ਮਜਬੂਰ ਕੀਤਾ ਤਾਂ ਉਨ੍ਹਾਂ ਦੀ ਖੈਰ ਨਹੀਂ।

ਸਿੱਖਿਆ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਜ਼ਿਲ੍ਹਾ ਸਿਖਿਆ ਅਫਸਰਾਂ ਦੀ ਮੀਟਿੰਗ ਵਿੱਚ ਇਸ ਬਾਰੇ ਸਖਤ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਹਰ ਪ੍ਰਾਈਵੇਟ ਸਕੂਲ ਦੇ ਲਈ ਲਾਜ਼ਮੀ ਹੋਵੇਗਾ ਕਿ ਉਹ ਸ਼ਹਿਰਾਂ ਵਿੱਚ ਘੱਟੋ-ਘੱਟ ਵੀਹ ਤੇ ਕਸਬਿਆਂ ਵਿੱਚ ਘੱਟੋ-ਘੱਟ ਤਿੰਨ ਕਿਤਾਬਾਂ, ਵਰਦੀ ਦੀਆਂ ਦੁਕਾਨਾਂ ਦੀ ਸੂਚੀ ਜ਼ਿਲ੍ਹਾ ਸਿਖਿਆ ਅਧਿਕਾਰੀਆਂ ਹਵਾਲੇ ਕਰੇਗਾ। ਉਨ੍ਹਾ ਕਿਹਾ ਕਿ ਕੁਝ ਪ੍ਰਾਈਵੇਟ ਸਕੂਲ ਹਿਦਾਇਤਾਂ ਦੀ ਪਾਲਣਾ ਨਹੀਂ ਕਰਦੇ, ਪਰ ਉਨ੍ਹਾ ਨੂੰ ਹੁਕਮਾਂ ਦੀ ਪਾਲਣਾ ਦਾ ਆਖਰੀ ਮੌਕਾ ਦਿੱਤਾ ਜਾ ਰਿਹਾ ਹੈ। ਜੇ ਫਿਰ ਵੀ ਸ਼ਿਕਾਇਤ ਮਿਲੀ ਤਾਂ ਅਜਿਹੇ ਸਕੂਲਾਂ ਖਿਲਾਫ ਸਖਤ ਐਕਸ਼ਨ ਲਿਆ ਜਾਵੇਗਾ।ਮੀਤ ਹੇਅਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਯਕੀਨੀ ਬਣਾਏਗੀ ਕਿ ਮਾਪੇ ਆਪਣੀ ਮਰਜ਼ੀ ਤੇ ਸੁਵਿਧਾ ਮੁਤਾਬਕ ਕਿਸੇ ਵੀ ਨਿਰਧਾਰਤ ਦੁਕਾਨ ਤੋਂ ਕਿਤਾਬਾਂ ਤੇ ਵਰਦੀ ਖਰੀਦ ਸਕਣ। ਜਿਹੜਾ ਸਕੂਲ ਕਿਸੇ ਖਾਸ ਦੁਕਾਨ ਤੋਂ ਕਿਤਾਬਾਂ ਤੇ ਵਰਦੀ ਖਰੀਦਣ ਲਈ ਦਬਾਅ ਪਾਏਗਾ, ਉਸ ਦੇ ਵਿਰੁੱਧ ਕਾਰਵਾਈ ਹੋਵੇਗੀ। ਸਿੱਖਿਆ ਮੰਤਰੀ ਨੇ ਇੱਥੇ ਜ਼ਿਲ੍ਹਾ ਸਿੱਖਿਆ ਅਫਸਰਾਂ ਦੀ ਮੀਟਿੰਗ ਵਿੱਚ ਕਿਹਾ ਕਿ ਸਰਕਾਰੀ ਹੁਕਮਾਂ ਨੂੰ ਅਮਲੀ ਰੂਪ ਦੇਣ ਲਈ ਜਾਂਚ ਟੀਮਾਂ ਬਣਾ ਲੈਣ। ਉਨ੍ਹਾ ਕਿਹਾ ਕਿ ਸਿੱਖਿਆ ਵਿਭਾਗ ਦੀਆਂ ਟੀਮਾਂ ਕਿਸੇ ਵੀ ਦੁਕਾਨ ਦੀ ਜਾਂਚ ਕਰ ਸਕਦੀਆਂ ਹਨ।

# ਮਜੀਠੀਆ ਦੀ ਸੁਰੱਖਿਆ ਲਈ ਪੱਕੇ ਪ੍ਰਬੰਧ ਤੇ ਬੈਰਕ ਵਿੱਚ ਸਫ਼ਾਈ ਦੇ ਹੁਕਮ ਜਾਰੀ

ਐਸ ਏ ਐਸ ਨਗਰ, 13 ਅਪ੍ਰੈਲ (ਪੋਸਟ ਬਿਊਰੋ)- ਬਹੁ ਚਰਚਿਤ ਡਰੱਗ ਕੇਸ ਵਿੱਚ ਨਾਮਜ਼ਦ ਪੰਜਾਬ ਦੇ ਸਾਬਕਾਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਵਕੀਲਾਂ ਐਚ ਐਸ ਧਨੋਆ ਅਤੇ ਅਰਸ਼ਦੀਪ ਸਿੰਘ ਕਲੇਰ ਵੱਲੋਂ ਮਜੀਠੀਆ ਦੀ ਬੈਰਕ ਦੀ ਖਸਤਾ ਹਾਲਤ ਤੇ ਬੈਰਕ ਵਿੱਚ ਸਾਫ਼-ਸਫ਼ਾਈ ਸਮੇਤ ਚੰਗੇ ਪ੍ਰਬੰਧ ਨਾ ਹੋਣ ਦੇ ਦੋਸ਼ਾਂ ਲਾਉਂਦੀ ਅਰਜ਼ੀ ਸਬੰਧੀ ਐਡੀਸ਼ਨਲ ਜ਼ਿਲ੍ਹਾ ਸੈਸ਼ਨ ਜੱਜ ਦੀ ਅਦਾਲਤ ਨੇ ਪਟਿਆਲਾ ਪ੍ਰਸ਼ਾਸਨ ਨੂੰ ਹੁਕਮ ਦਿੱਤਾ ਹੈ ਕਿ ਬਿਕਰਮ ਸਿੰਘ ਮਜੀਠੀਆ ਦੀ ਸੁਰੱਖਿਆਦੇਪੱਕੇ ਪ੍ਰਬੰਧ ਕਰਨ ਦੇ ਨਾਲ ਉਸ ਬੈਰਕ ਵਿੱਚ ਸਾਫ਼-ਸਫ਼ਾਈ ਰੱਖੀ ਜਾਵੇ। ਅਦਾਲਤ ਨੇ ਇਨ੍ਹਾਂ ਹਕਮਾਂ ਨਾਲ ਮਜੀਠੀਆ ਦੀ ਇਸ ਅਰਜ਼ੀ ਦਾ ਨਿਪਟਾਰਾ ਕਰ ਦਿੱਤਾ ਹੈ।

ਵਰਨਣ ਯੋਗ ਹੈ ਕਿ ਬਿਕਰਮ ਸਿੰਘ ਮਜੀਠੀਆ ਦੇ ਵਕੀਲਾਂ ਨੇ ਅਦਾਲਤ ਵਿੱਚ ਦੱਸਿਆ ਸੀ ਕਿ ਮਜੀਠੀਆ ਨੂੰ ਪਟਿਆਲਾ ਜੇਲ੍ਹ ਵਿੱਚ ਵਾਰ-ਵਾਰ ਤਬਦੀਲ ਕੀਤਾ ਜਾ ਰਿਹਾ ਹੈ, ਜਿਸ ਕਾਰਨ ਉਸਦੀ ਜਾਨ ਨੂੰ ਖ਼ਤਰਾ ਹੈ ਤੇ ਉਸ ਨੂੰ ਜਿਸ ਜੌੜਾ ਚੱਕੀ ਵਿੱਚ ਰੱਖਿਆ ਗਿਆ ਹੈ, ਉਸ ਦੀ ਹਾਲਤ ਬਹੁਤ ਖਸਤਾ ਹੈ। ਬੈਰਕ ਦਾ ਸਾਇਜ਼ ਅੱਠ ਫੁੱਟ ਅੱਠ ਇੰਚ ਹੈ ਜਦਕਿ ਮਜੀਠੀਆ ਦਾ ਕੱਦ ਛੇ ਫੁੱਟ ਚਾਰ ਇੰਚ ਹੈ, ਜਿਸ ਕਾਰਨ ਮਜੀਠੀਆ ਨੂੰ ਲੇਟਣ ਵਿੱਚ ਪ੍ਰੇਸ਼ਾਨੀ ਆਉਂਦੀ ਹੈ। ਇਸੇ ਬੈਰਕ ਦੇ ਅੰਦਰ ਦੋ ਫੁੱਟ ਏਰੀਏ ਵਿੱਚ ਟਾਇਲਟ ਸੀਟ ਹੈ ਤੇ ਇਸ ਟਾਇਲਟ ਵਿੱਚ ਪਾਣੀ ਨਹੀਂ ਹੈ। ਉਕਤ ਬੈਰਕ ਦੀ ਵਰਤੋਂ ਕੈਦੀਆਂ ਨੂੰ ਸਜ਼ਾ ਦੇਣ ਲਈ ਕੀਤੀ ਜਾਂਦੀ ਹੈ। ਜੌੜਾ ਚੱਕੀ ਵਿੱਚ ਪਿਛਲੇ ਲੰਮੇ ਸਮੇਂ ਤੋਂ ਕਿਸੇ ਕੈਦੀ ਨੂੰ ਨਹੀਂ ਰੱਖਿਆ ਗਿਆ ਕਿਉਂਕਿ ਇਹ ਰਹਿਣ ਦੇ ਯੋਗ ਹੀ ਨਹੀਂ ਹੈ।

# ਪੰਜਾਬੀ ਸਾਹਿਤ ਅਕਾਡਮੀ ਵੱਲੋਂ ਦਿੱਤੇ ਜਾਂਦੇ ਪ੍ਰੋ: ਨਿਰਪਜੀਤ ਕੌਰ ਗਿੱਲ ਯਾਦਗਾਰੀ ਪੁਰਸਕਾਰ ਲਈ ਇਨਾਮੀ ਰਾਸ਼ੀ ਵਧਾਉਣ ਲਈ ਇੱਕ ਲੱਖ ਰੁਪਏ ਹੋਰ ਭੇਂਟ

ਲੁਧਿਆਣਾ: 1 3 ਅਪ੍ਰੈਲ ( ) ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਵੱਲੋਂ ਪਿਛਲੇ ਕਈ ਸਾਲਾਂ ਤੋਂ ਦਿੱਤੇ ਜਾਂਦੇ ਪ੍ਰੋ: ਨਿਰਪਜੀਤ ਕੌਰ ਗਿੱਲ ਯਾਦਗਾਰੀ ਪੁਰਸਕਾਰ ਦੀ ਇਨਾਮੀ ਰਾਸ਼ੀ ਅਗਲੇ ਸਾਲਾਂ ਤੋਂ ਵਧਾਉਣ ਲਈ ਪ੍ਰਿੰਸੀਪਲ( ਡਾ:) ਰਮੇਸ਼ ਇੰਦਰ ਕੌਰ ਬੱਲ ਨੇ ਅਕਾਡਮੀ ਨੂੰ ਇੱਕ ਲੱਖ ਰੁਪਿਆ ਇਸ ਪੁਰਸਕਾਰ ਲਈ ਜਮ੍ਹਾਂ ਪੂੰਜੀ ਵਧਾਉਣ ਹਿਤ ਦਾਨ ਦਿੱਤਾ ਹੈ।



ਪ੍ਰੋ: ਨਿਰਪਜੀਤ ਕੌਰ ਗਿੱਲ ਪੰਜਾਬੀ ਸਾਹਿੱਤ ਅਰਾਡਮੀ ਲੁਧਿਆਣਾ ਦੇ ਸਾਬਕਾ ਪ੍ਰਧਾਨ ਪ੍ਰੋ: ਗੁਰਭਜਨ ਸਿੰਘ ਗਿੱਲ ਦੀ ਜੀਵਨ ਸਾਥਣ ਸਨ ਜਿੰਨ੍ਹਾਂ ਦੀ ਕੈਂਸਰ ਰੋਗ ਕਾਰਨ 8ਨਵੰਬਰ 1993 ਨੂੰ ਮੌਤ ਹੋ ਗਈ ਸੀ। ਉਹ ਰਾਮਗੜ੍ਹੀਆ ਗਰਲਜ਼ ਕਾਲਿਜ ਲੁਧਿਆਣਾ ਵਿੱਚ ਪੰਜਾਬੀ ਲੈਕਚਰਰ ਸਨ ਅਤੇ ਪੰਜਾਬੀ ਆਲੋਚਨਾ ਦੇ ਖੇਤਰ ਵਿੱਚ ਗੁਰਬਚਨ ਸਿੰਘ ਭੁੱਲਰ ਦੀ ਰਚਨਾਕਾਰੀ ਬਾਰੇ ਪਹਿਲੀ ਆਲੋਚਨਾ ਪੁਸਤਕ ਗੁਰ-ਬਚਨ ਸਿੰਘ ਭੁੱਲਰ ਦੀ ਕਥਾ ਵਿਧੀ ਪੁਸਤਕ ਦੇ ਲੇਖਕ ਸਨ।

ਆਪਣੀ ਪਿਆਰ ਪਾਤਰ ਪ੍ਰੋ: ਨਿਰਪਜੀਤ ਕੌਰ ਗਿੱਲ ਦੀ ਯਾਦ ਵਿੱਚ ਇੱਕ ਲੱਖ ਰੁਪਏ ਦੀ ਰਾਸ਼ੀ ਡਾ: ਰਮੇਸ਼ ਇੰਦਰ ਕੌਰ ਬੱਲ ਨੇ ਅਕਾਡਮੀ ਦੇ ਪ੍ਰਧਾਨ ਡਾ: ਲਖਵਿੰਦਰ ਸਿੰਘ ਜੌਹਲ ਤੇ ਜਨਰਲ ਸਕੱਤਰ ਡਾ: ਗੁਰਇਕਬਾਲ ਸਿੰਘ ਨੂੰ ਪ੍ਰੋ: ਗੁਰਭਜਨ ਗਿੱਲ ਦੀ ਹਾਜ਼ਰੀ ਵਿੱਚ ਸੌਂਪੀ।

ਅਕਾਡਮੀ ਦੇ ਪ੍ਰਧਾਨ ਡਾ: ਲਖਵਿੰਦਰ ਸਿੰਘ ਜੌਹਲ ਨੇ ਡਾ: ਬੱਲ ਪਰਿਵਾਰ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਪਹਿਲਾਂ ਜਮ੍ਹਾਂ ਢਾਈ ਲੱਖ ਰੁਪਏ ਵਿੱਚ ਇਹ ਇੱਕ ਲੱਖ ਵੀ ਮਿਆਦੀ ਜਮਘਾਂ ਪੂੰਜੀ ਵਿੱਚ ਸ਼ਾਮਿਲ ਕਰਾਂਗੇ ਅਤੇ ਮਿਲਣ ਵਾਲੇ ਵਿਆਜ ਨਾਲ ਅਗਲੇ ਸਾਲ ਤੋਂ ਇਨਾਮ ਰਾਸ਼ੀ ਵਿੱਚ ਵਾਧਾ ਕੀਤਾ ਜਾਵੇਗਾ।

ਅਕਾਡਮੀ ਦੇ ਜਨਰਲ ਸਕੱਤਰ ਡਾ: ਗੁਰਇਕਬਾਲ ਸਿੰਘ ਨੇ ਦੱਸਿਆ ਕਿ ਪ੍ਰੋ: ਗੁਰਭਜਨ ਸਿੰਘ ਗਿੱਲ ਪਰਿਵਾਰ ਨੇ ਸਾਲ 2015 ਵਿੱਚ ਇਹ ਪੁਰਸਕਾਰ ਸਥਾਪਿਤ ਕੀਤਾ ਸੀ ਜੋ ਯੂਨੀਵਰਸਿਟੀ ਅਤੇ ਕਾਲਿਜਾਂ ਦੇ ਉਨ੍ਹਾਂ ਸੇਵਾ ਮੁਕਤ ਅਧਿਆਪਕਾਂ ਨੂੰ ਦਿੱਤਾ ਜਾਂਦਾ ਹੈ ਜੋ ਕਲਾਸ ਰੂਮ ਅਧਿਆਪਨ ਦੇ ਨਾਲ ਨਾਲ ਸਾਹਿੱਤ ਸਿਰਜਣਾ ਜਾਂ ਸਭਿਆਚਾਰਕ ਸਰਗਰਮੀਆਂ ਰਾਹੀਂ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਵਿੱਚ ਮਹੱਤਵਪੂਰਨ ਹਿੱਸਾ ਪਾ ਚੁਕੇ ਹੋਣ।

ਹੁਣ ਤੀਕ ਇਹ ਪੁਰਸਕਾਰ ਪ੍ਰੋ: ਤੇਜ ਕੌਰ ਦਰਦੀ, ਡਾ: ਜਸਬੀਰ ਕੌਰ ਕੇਸਰ ਤੇ ਡਾ: ਰਮੇਸ਼ ਇੰਦਰ ਕੌਰ ਬੱਲ ਨੂੰ ਭੇਂਟ ਕੀਤਾ ਜਾ ਚੁਕਾ ਹੈ।

ਕਰੋਨਾ ਕਹਿਰ ਕਾਰਨ ਪਿਛਲੇ ਤਿੰਨ ਸਾਲਾਂ ਦੇ ਪੁਰਸਕਾਰਾਂ ਦੀ ਚੋਣ ਵੀ ਡਾ: ਲਖਵਿੰਦਰ ਸਿੰਘ ਜੌਹਲ ਦੀ ਪ੍ਰਧਾਨਗੀ ਹੇਠ 11ਅਪ੍ਰੈਲ ਨੂੰ ਕਰ ਲਈ ਗਈ ਹੈ ਜਿਸ ਵਿੱਚ ਡਾ: ਇਕਬਾਲ ਕੌਰ ਸੌਂਦ ਰੀਟ: ਪ੍ਰੋਫੈਸਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਡਾ: ਬਲਜੀਤ ਕੌਰ ਰੀਟ: ਪ੍ਰੋਫੈਸਰ ਰੀਜਨਲ ਸੈਂਟਰ ਗੁਰੂ ਨਾਨਕ ਦੇਵ ਯੂਨੀ: ਤੇ ਡਾ: ਵਨੀਤਾ ਰੀਟ: ਪ੍ਰੋਫੈਸਰ ਦਿੱਲੀ ਯੂਨੀਵਰਸਿਟੀ ਨੂੰ ਚੁਣਿਆ ਗਿਆ ਹੈ। ਚੋਣ ਕਮੇਟੀ ਵਿੱਚ ਡਾ: ਲਖਵਿੰਦਰ ਸਿੰਘ ਜੌਹਲ, ਡਾ: ਸ਼ਯਾਮ ਸੁੰਦਰ ਦੀਪਤੀ

, ਡਾ: ਸੁਰਜੀਤ ਪਾਤਰ, ਡਾ: ਸੁਰਜੀਤ ਸਿੰਘ, ਪ੍ਰੋ: ਰਵਿੰਦਰ ਸਿੰਘ ਭੱਠਲ, ਕਹਾਣੀਕਾਰ ਸੁਖਜੀਤ ਸ਼ਾਮਲ ਸਨ। ਦੋ ਆਮੰਤਰਿਤ ਮੈਂਬਰਾਂ ਡਾ: ਸ ਪ ਸਿੰਘ ਤੇ ਡਾ: ਰਮੇਸ਼ ਇੰਦਰ ਕੌਰ ਬੱਲ ਨੇ ਵੀ ਇਨ੍ਹਾਂ ਨਾਵਾਂ ਤੇ ਆਪਣੀ ਸੰਮਤੀ ਪ੍ਰਗਟਾਈ।

ਇਹ ਪੁਰਸਕਾਰ ਨੇੜ ਭਵਿੱਖ ਵਿੱਚ ਰਾਮਗੜ੍ਹੀਆ ਗਰਲਜ਼ ਕਾਲਿਜ ਦੇ ਬਾਬਾ ਗੁਰਮੁਖ ਸਿੰਘ ਹਾਲ ਵਿੱਚ ਪ੍ਰਦਾਨ ਕੀਤੇ ਜਾਣਗੇ।

# ਰੋਪਵੇਅ ਹਾਦਸਾ, ਕੇਬਲ ਕਾਰਾਂ ਵਿੱਚ ਫਸੇ ਤਿੰਨਾਂ ਦੀ ਮੌਤ, ਬਾਕੀ ਸਾਰੇ ਲੋਕ ਬਚਾਏ



ਦਿਓਗੜ੍ਹ, 13 ਅਪ੍ਰੈਲ (ਪੋਸਟ ਬਿਊਰੋ)- ਝਾਰਖੰਡ ਦੇ ਦਿਉਘਰ ਜ਼ਿਲ੍ਹੇ ਵਿੱਚ ਕੇਬਲ ਕਾਰਾਂ ਵਿੱਚ ਫਸੇ ਸਾਰੇ ਸੈਲਾਨੀਆਂ ਨੂੰ ਸੁਰੱਖਿਅਤ ਕੱਢ ਲਿਆ ਗਿਆ ਹੈ ਜਦ ਕਿ ਕੇਬਲ ਕਾਰ ਤੋਂ ਹੈਲੀਕਾਪਟਰ ਵਿੱਚ ਸਵਾਰ ਹੋਣ ਦੌਰਾਨ ਇੱਕ ਔਰਤ ਦੀ ਹੇਠਾਂ ਡਿੱਗਣ ਕਾਰਨ ਮੌਤ ਹੋ ਗਈ। ਇਸ ਹਾਦਸੇ ਵਿੱਚ ਮ੍ਰਿਤਕਾਂ ਦੀ ਗਿਣਤੀ ਵਧ ਕੇ ਤਿੰਨ ਹੋ ਗਈ ਹੈ।

ਇਸ ਘਟਨਾ ਦਾ ਆਪਣੇ ਆਪ ਨੋਟਿਸ ਲੈਂਦਿਆਂ ਸੂਬਾ ਸਰਕਾਰ ਨੂੰ 25 ਅਪ੍ਰੈਲ ਤਕ ਰਿਪੋਰਟ ਪੇਸ਼ ਕਰਨ ਲਈ ਆਖ ਦਿੱਤਾ ਹੈ। ਕੇਂਦਰੀ ਹੋਮ ਸੈਕਟਰੀ ਨੇ ਸਾਰੇ ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਹਿਦਾਇਤ ਕੀਤੀ ਕਿ ਉਹ ਆਪੋ-ਆਪਣੇ ਇਲਾਕਿਆਂ ਵਿੱਚ ਰੋਪਵੇਅ ਪ੍ਰੋਜੈਕਟ ਵਿੱਚ ਸੁਰੱਖਿਆ ਪ੍ਰਬੰਧਾਂ ਦੀ ਸਮੀਖਿਆ ਕਰਨ ਅਤੇ ਹਰ ਹੰਗਾਮੀ ਹਾਲਾਤ ਨਾਲ ਨਜਿੱਠਣ ਦੀਆਂ ਤਿਆਰੀਆਂ ਯਕੀਨੀ ਬਣਾ ਕੇ ਰੱਖਣ। ਅਧਿਕਾਰੀਆਂ ਨੇ ਦੱਸਿਆ ਕਿ ਬਾਕੀ ਬਚੇ 15 ਸੈਲਾਨੀਆਂ ਵਿੱਚੋਂ 14 ਨੂੰ ਹਵਾਈ ਫੌਜ ਨੇ ਕੇਬਲ ਕਾਰਾਂ ਤੋਂ ਸੁਰੱਖਿਅਤ ਕੱਢ ਲਿਆ ਹੈ। ਇਹ ਸਾਰੇ ਲੋਕ ਤਕਰੀਬਨ ਚਾਲੀ ਘੰਟੇ ਤੋਂ ਤ੍ਰਿਕੁਟ ਪਹਾੜੀਆਂ ਉੱਤੇ ਇੱਕ ਰੋਪਵੇਅ ਉੱਤੇ ਫਸੇ ਹੋਏ ਸਨ।

# ਮੰਤਰੀ ਉਤੇ ਕਮਿਸ਼ਨ ਮੰਗਣ ਦਾ ਦੋਸ਼ ਲਾਉਣ ਵਾਲੇ ਦੀ ਲਾਸ਼ ਮਿਲੀ

ਬੰਗਲੌਰ, 13 ਅਪ੍ਰੈਲ (ਪੋਸਟ ਬਿਊਰੋ)- ਕਰਨਾਟਕ ਦੇ ਪੇਂਡੂ ਵਿਕਾਸ ਤੇ ਪੰਚਾਇਤ ਰਾਜ ਮੰਤਰੀ ਕੇ ਐਸ ਈਸ਼ਵਰੱਪਾ ਉੱਤੇ ਠੇਕੇ ਲਈ ਚਾਲੀ ਫੀਸਦੀ ਕਮਿਸ਼ਨ ਮੰਗਣ ਦਾ ਦੋਸ਼ ਲਾਉਣ ਵਾਲਾ ਠੇਕੇਦਾਰ ਕੱਲ੍ਹ ਸਵੇਰੇ ਤੱਟੀ ਕਸਬੇ ਉਡੂਪੀ ਦੇ ਇੱਕ ਲਾਜ ਵਿੱਚ ਮ੍ਰਿਤਕ ਮਿਲਿਆ। ਪੁਲਸ ਨੇ ਖੁਦਕੁਸ਼ੀ ਦੇ ਸ਼ੱਕ ਹੇਠ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਸਬਾਰੇ ਪੁਲਸ ਦੇ ਦੱਸਣ ਮੁਤਾਬਕ ਬੇਲਗਾਵੀ ਵਾਸੀ ਸੰਤੋਸ਼ ਕੇ ਪਾਟਿਲ ਦੀ ਲਾਸ਼ ਨਿੱਜੀ ਲਾਜ ਵਿੱਚੋਂ ਮਿਲੀ। ਉਸ ਦੇ ਸਾਥੀ ਨੇੜਲੇ ਕਮਰੇ ਵਿੱਚ ਠਹਿਰੇ ਹੋਏ ਸਨ। ਸੂਬੇ ਦੇ ਗ੍ਰਹਿ ਮੰਤਰੀ ਅਰਾਗਾ ਜਨਨੇਂਦਰ ਨੇ ਕਿਹਾ ਕਿ ਮਾਮਲੇ ਦੀ ਜਾਂਚ ਕੀਤੀ ਜਾਵੇਗੀ।ਪਾਟਿਲ ਨੇ ਕੁਝ ਮੀਡੀਆ ਦਫਤਰਾਂ ਨੂੰ ਸੰਦੇਸ਼ ਭੇਜ ਕੇ ਕਿਹਾ ਸੀ ਕਿ ਉਹ ਖੁਦਕੁਸ਼ੀ ਕਰਨ ਲੱਗਾ ਹੈ ਅਤੇ ਉਸ ਦੀ ਮੌਤ ਲਈ ਈਸ਼ਵਰੱਪਾ ਜ਼ਿੰਮੇਵਾਰ ਹੈ। ਇਸ ਘਟਨਾ ਉੱਤੇ ਪ੍ਰਤੀਕਿਰਿਆਦੇਂਦਿਆਂ ਈਸ਼ਵਰੱਪਾ ਨੇ ਕਿਹਾ ਕਿ ਮੈਨੂੰ ਖੁਦਕੁਸ਼ੀ ਦੀ ਜਾਣਕਾਰੀ ਨਹੀਂ, ਮੈਂ ਉਸ ਦੇ ਖਿਲਾਫ ਮਾਣਹਾਨੀ ਦਾ ਕੇਸ ਦਰਜ ਕਰਾਇਆ ਹੈ ਜੋ ਸਵੀਕਾਰ ਹੋ ਗਿਆ ਹੈ। ਮੈਨੂੰ ਤੁਹਾਡੇ ਲੋਕਾਂ ਤੋਂ ਖੁਦਕੁਸ਼ੀ ਦੀ ਜਾਣਕਾਰੀ ਮਿਲ ਰਹੀ ਹੈ।

ਇਹ ਦੱਸਣ ਉੱਤੇ ਕਿ ਪਾਟਿਲ ਨੇ ਆਪਣੀ ਮੌਤ ਲਈ ਉਨ੍ਹਾਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ, ਮੰਤਰੀ ਨੇ ਕਿਹਾ, ''ਉਸ ਨੇ ਅਜਿਹਾ ਲਿਖਿਆ ਹੋਵੇਗਾ, ਪਰ ਮੈਨੂੰ ਇਸ ਦੀ ਜਾਣਕਾਰੀ ਨਹੀਂ। ਮੈਨੂੰ ਨਹੀਂ ਪਤਾ ਕਿ ਡੈਥ ਨੋਟ ਵਿੱਚ ਮੇਰਾ ਨਾਂਅ ਕਿਉਂ ਲਿਖਿਆ ਤੇ ਮੇਰੇ ਉੱਤੇ ਦੋਸ਼ ਕਿਉਂ ਲਾਇਆ। ਇਸ ਦਾ ਜਵਾਬ ਤਾਂ ਉਹੀ ਦੇ ਸਕਦਾ ਸੀ, ਪਰ ਉਹ ਰਿਹਾ ਨਹੀਂ।'' ਤੀਹ ਮਾਰਚ ਨੂੰ ਪਾਟਿਲ ਨੇ ਖੁਦ ਨੂੰ ਭਾਜਪਾ ਵਰਕਰ ਦੱਸ ਕੇ ਦੋਸ਼ ਲਾਇਆ ਸੀ ਕਿ ਆਰ ਡੀ ਪੀ ਆਰ ਵਿਭਾਗ ਵਿੱਚ ਉਸ ਨੇ ਇੱਕ ਕੰਮ ਕਰਾਇਆ ਤੇ ਭੁਗਤਾਨ ਚਾਹੁੰਦਾ ਹੈ, ਪਰ ਈਸ਼ਵਰੱਪਾ ਚਾਰ ਕਰੋੜ ਰੁਪਏ ਵਿੱਚੋਂ ਚਾਲੀ ਫੀਸਦੀ ਕਮਿਸ਼ਨ ਮੰਗ ਰਹੇ ਹਨ। ਪੁਲਸ ਇਸ ਕੇਸ ਦੀ ਜਾਂਚ ਕਰ ਰਹੀ ਹੈ।

# ਸ੍ਰੀਲੰਕਾ ਵੱਲੋਂ ਆਪਣੇ ਸਾਰੇ ਕਰਜ਼ਿਆਂ ਦੇ ਡਿਫ਼ਾਲਟਰ ਹੋਣ ਦਾ ਐਲਾਨ

ਕੋਲੰਬੋ, 13 ਅਪ੍ਰੈਲ (ਪੋਸਟ ਬਿਊਰੋ)- ਸੰਕਟਗ੍ਰਸਤ ਸ਼੍ਰੀਲੰਕਾ ਨੇ ਕੱਲ੍ਹ 51 ਬਿਲੀਅਨ ਡਾਲਰ ਦੇ ਆਪਣੇ ਵਿਦੇਸ਼ੀ ਕਰਜ਼ੇ ਉਤੇ ਡਿਫ਼ਾਲਟਰ ਹੋਣ ਦਾਐਲਾਨ ਕਰ ਦਿੱਤਾ ਅਤੇ ਇਸ ਕਦਮ ਨੂੰ ਆਖ਼ਰੀ ਉਪਾਅ ਦੱਸਿਆ ਕਿ ਕਿਉਂਕਿ ਉਸ ਕੋਲ ਬਹੁਤ ਲੋੜੀਂਦੇ ਸਾਮਾਨ ਦੀ ਇੰਪੋਰਟ ਕਰਨ ਲਈ ਵਿਦੇਸ਼ੀ ਕਰੰਸੀ ਖ਼ਤਮ ਹੋ ਗਈ ਹੈ।



ਰੈਗੂਲਰ ਬਲੈਕਆਊਟ, ਭੋਜਨ ਅਤੇ ਬਾਲਣ ਦੀ ਗੰਭੀਰ ਕਮੀ ਨਾਲ, ਟਾਪੂ ਨੁਮਾ ਦੇਸ਼ ਆਜ਼ਾਦੀ ਤੋਂ ਬਾਅਦ ਸਭ ਤੋਂ ਭੈੜੀ ਆਰਥਿਕ ਮੰਦੀ ਨਾਲ ਜੂਝ ਰਿਹਾ ਹੈ। ਸ਼੍ਰੀਲੰਕਾ ਦੇ ਵਿੱਤ ਮੰਤਰਾਲੇ ਨੇ ਇੱਕ ਬਿਆਨ ਵਿੱਚ ਕਿਹਾ ਕਿ ਵਿਦੇਸ਼ੀ ਸਰਕਾਰਾਂ ਸਮੇਤ ਲੈਣਦਾਰ ਕੱਲ੍ਹ ਤੋਂ ਆਪਣੇ ਕਿਸੇ ਵੀ ਵਿਆਜ ਦੇ ਭੁਗਤਾਨ ਨੂੰ ਨਕਦ ਕਰ ਸਕਦੇ ਹਨ ਜਾਂ ਸ਼੍ਰੀਲੰਕਾਈ ਰੁਪਏ ਵਿੱਚ ਭੁਗਤਾਨ ਦੀ ਚੋਣ ਕਰਨ ਲਈ ਸੁਤੰਤਰ ਹਨ।ਬਿਆਨ ਵਿੱਚ ਕਿਹਾ ਗਿਆ ਹੈ, ''ਸਰਕਾਰ ਦੇਸ਼ ਦੀ ਵਿੱਤੀ ਸਥਿਤੀ ਹੋਰ ਵਿਗੜਨ ਤੋਂ ਬਚਾਉਣ ਲਈ ਆਖ਼ਰੀ ਉਪਾਅ ਵਜੋਂ ਐਮਰਜੈਂਸੀ ਉਪਾਅ ਕਰ ਰਹੀ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਸਾਰੇ ਲੈਣਦਾਰਾਂ ਨਾਲ ਨਿਰਪੱਖ ਤੇ ਬਰਾਬਰੀ ਵਾਲਾ ਵਿਹਾਰ ਯਕੀਨੀ ਬਣਾਉਣ ਲਈ ਦੱਖਣੀ ਏਸ਼ੀਆਈ ਦੇਸ਼ ਲਈ ਅੰਤਰਰਾਸ਼ਟਰੀ ਮੁਦਰਾ ਫ਼ੰਡ ਵੱਲੋਂ ਸਹਾਇਤਾ ਪ੍ਰਾਪਤ ਰਿਕਵਰੀ ਪ੍ਰੋਗਰਾਮ ਦੁਆਰਾ ਤੁਰਤ ਕਰਜ਼ਾ ਡਿਫ਼ਾਲਟ ਕੀਤਾ ਗਿਆ ਸੀ।ਸੰਕਟ ਨੇ ਸ਼੍ਰੀਲੰਕਾ ਦੇ 2.2 ਕਰੋੜ ਲੋਕਾਂ ਲਈ ਵਿਆਪਕ ਦੁੱਖ ਦਾ ਕਾਰਨ ਬਣਾਇਆ ਹੈ ਤੇ ਹਫ਼ਤਿਆਂ ਦੇ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਦੀ ਅਗਵਾਈ ਕੀਤੀ ਹੈ। ਅੰਤਰਾਰਸ਼ਟਰੀ ਰੇਟਿੰਗ ਏਜੰਸੀਆਂ ਨੇ ਪਿਛਲੇ ਸਾਲ ਸ਼੍ਰੀਲੰਕਾ ਨੂੰ ਘਟਾ ਦਿੱਤਾ, ਜਿਸ ਨਾਲ ਦੇਸ਼ ਨੂੰ ਇੰਪੋਰਟ ਦੇ ਵਿੱਤ ਲਈ ਬਹੁਤ ਲੋੜੀਂਦਾ ਕਰਜ਼ਾ ਇਕੱਠਾ ਕਰਨ ਲਈ ਵਿਦੇਸ਼ੀ ਪੂੰਜੀ ਬਾਜ਼ਾਰਾਂ ਤਕ ਪਹੁੰਚ ਕਰਨ ਤੋਂ ਰੋਕਿਆ ਗਿਆ। ਸ਼੍ਰੀਲੰਕਾ ਨੇ ਭਾਰਤ ਅਤੇ ਚੀਨ ਤੋਂ ਕਰਜ਼ਾ ਰਾਹਤ ਦੀ ਮੰਗ ਕੀਤੀ ਸੀ ਪਰ ਦੋਵਾਂ ਦੇਸ਼ਾਂ ਨੇ ਇਸ ਦੀ ਬਜਾਏ ਉਨ੍ਹਾਂ ਤੋਂ ਸਾਮਾਨ ਖ਼ਰੀਦਣ ਲਈ ਹੋਰ ਕ੍ਰੈਡਿਟ ਲਾਈਨਾਂ ਦੀ ਪੇਸ਼ਕਸ਼ ਕੀਤੀ।


## ਹਾਰਦਿਕ ਪਟੇਲ ਵੱਲੋਂ ਵਿਧਾਨ ਸਭਾ ਚੋਣਾਂ ਲੜਨ ਦਾ ਸੰਕੇਤ

ਅਹਿਮਦਾਬਾਦ, 13 ਅਪ੍ਰੈਲ (ਪੋਸਟ ਬਿਊਰੋ)- ਸੁਪਰੀਮ ਕੋਰਟ ਵੱਲੋਂ 2015 ਦੇ ਦੰਗਿਆਂ ਤੇ ਅੱਗਜ਼ਨੀ ਦੇ ਕੇਸ ਵਿੱਚ ਸਜ਼ਾ ਉੱਤੇ ਰੋਕ ਲਗਾਉਣ ਮਗਰੋਂ ਗੁਜਰਾਤ ਦੇ ਕਾਂਗਰਸੀ ਆਗੂ ਹਾਰਦਿਕ ਪਟੇਲ ਨੇ ਕੱਲ੍ਹ ਕਿਹਾ ਕਿ ਉਸ ਦਾ ਮਕਸਦ ਸਿਰਫ ਚੋਣਾਂ ਲੜਨਾ ਨਹੀਂ, ਲੋਕਾਂ ਦੀ ਸੇਵਾ ਕਰਨਾ ਵੀ ਹੈ।

ਹਾਰਦਿਕ ਪਟੇਲ ਨੇ ਗੁਜਰਾਤ ਵਿੱਚ 2015 ਵਿੱਚ ਪਾਟੀਦਾਰ ਅੰਦੋਲਨ ਦੀ ਅਗਵਾਈ ਕੀਤੀ ਸੀ, ਜਿਸ ਦੇ ਤਹਿਤ ਓ ਬੀ ਸੀ ਸ਼੍ਰੇਣੀ ਲਈ ਰਾਖਵਾਂਕਰਨ ਮੰਗਿਆ ਗਿਆ ਸੀ। ਗੁਜਰਾਤ ਵਿੱਚ ਇਸ ਵਰ੍ਹੇ ਦਸੰਬਰ ਵਿੱਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ।

## ਜਿੰਨਾ ਤੇਲ ਭਾਰਤ ਇੱਕ ਮਹੀਨੇ ਵਿੱਚ ਰੂਸ ਤੋਂ ਲੈ ਰਿਹਾ, ਯੂਰਪ ਇੱਕ ਦੁਪਹਿਰ ਨੂੰ ਖਰੀਦ ਲੈਂਦੈ: ਜੈਸ਼ੰਕਰ

ਵਾਸ਼ਿੰਗਟਨ, 13 ਅਪ੍ਰੈਲ (ਪੋਸਟ ਬਿਊਰੋ)- ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਕੱਲ੍ਹ ਇੱਥੇ ਕਿਹਾ ਕਿ ਭਾਰਤ ਇੱਕ ਮਹੀਨੇ ਵਿੱਚ ਜਿੰਨਾ ਤੇਲ ਰੂਸ ਤੋਂ ਖਰੀਦਦਾ ਹੈ, ਓਨਾ ਯੂਰਪ ਇੱਕ ਦੁਪਹਿਰ ਵਿੱਚ ਖਰੀਦ ਲੈਂਦਾ ਹੈ।



ਭਾਰਤ ਵੱਲੋਂ ਰੂਸ ਤੋਂ ਖਰੀਦ ਕੀਤੇ ਤੇਲ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਜੈਸ਼ੰਕਰ ਨੇ ਕਿਹਾ, ''ਜੇ ਤੁਸੀਂ ਰੂਸ ਤੋਂ ਖਰੀਦ ਕੀਤੀ ਜਾਂਦੀ ਊਰਜਾ ਨੂੰ ਵੇਖੋ ਤਾਂ ਮੈਂ ਤੁਹਾਨੂੰ ਸੁਝਾਅ ਦੇਵਾਂਗਾ ਕਿ ਤੁਹਾਡਾ ਧਿਆਨ ਯੂਰਪ ਵੱਲ ਹੋਣਾ ਚਾਹੀਦਾ ਹੈ। ਅਸੀਂ ਕੁਝ ਊਰਜਾ ਖਰੀਦਦੇ ਹਾਂ, ਜਿਹੜੀ ਸਾਡੀ ਊਰਜਾ ਸੁਰੱਖਿਆ ਲਈ ਲੋੜੀਂਦੀ ਹੈ, ਪਰ ਜਦੋਂ ਮੈਂ ਅੰਕੜਿਆਂ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹਾਂ ਤਾਂ ਪਤਾ ਲੱਗਦਾ ਹੈ ਕਿ ਸਾਡੀ ਮਾਸਕ ਕੁੱਲ ਖਰੀਦ ਯੂਰਪ ਦੇ ਇੱਕ ਦੁਪਹਿਰ ਨੂੰ ਕੀਤੀ ਜਾਂਦੀ ਖਰੀਦ ਤੋਂ ਵੀ ਘੱਟ ਹੈ।'' ਜੈਸ਼ੰਕਰ ਇੱਥੇ ਰੱਖਿਆ ਮੰਤਰੀ ਰਾਜਨਾਥ ਸਿੰਘ ਨਾਲ ਅਮਰੀਕੀ ਮੰਤਰੀਆਂ ਐਂਟਨੀ ਬਲਿੰਕਨ ਤੇ ਰੱਖਿਆ ਮੰਤਰੀ ਲੌਇਡ ਆਸਟਿਨ ਨਾਲ 2+2 ਮੰਤਰੀ ਪੱਧਰ ਦੀ ਮੀਟਿੰਗ ਮਗਰੋਂ ਸਾਂਝੀ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾ ਨੇ ਰੂਸ-ਯੂਕਰੇਨ ਜੰਗ ਬਾਰੇ ਕਿਹਾ ਕਿ ਉਹ ਸੰਘਰਸ਼ ਦੇ ਖਿਲਾਫ ਹਨ। ਉਹ ਗੱਲਬਾਤ ਤੇ ਕੂਟਨੀਤੀ ਦੇ ਹੱਕ ਵਿੱਚ ਹਨ। ਉਨ੍ਹਾਂ ਕਿਹਾ ਕਿ ਉਹ ਹਿੰਸਾ ਤੁਰੰਤ ਖਤਮ ਕਰਨ ਦੇ ਪੱਖ ਵਿੱਚ ਹਨ ਅਤੇ ਇਸ ਲਈ ਉਹ ਕਿਸੇ ਵੀ ਤਰ੍ਹਾਂ ਦਾ ਯੋਗਦਾਨ ਦੇਣ ਨੂੰ ਤਿਆਰ ਹਨ। ਇਸੇ ਦੌਰਾਨ ਰੱਖਿਆ ਮੰਤਰੀ ਨੇ ਕਿਹਾ ਕਿ ਭਾਰਤ-ਅਮਰੀਕਾ ਜਿਹੇ ਮਜ਼ਬੂਤ ਸੰਬੰਧ ਸਾਂਝੇ ਹਿੱਤਾਂ ਤੇ ਕਦਰਾਂ-ਕੀਮਤਾਂ ਨਾਲ ਅਤੇ ਇਨ੍ਹਾਂ ਨੂੰ ਉਤਸ਼ਾਹਤ ਕਰਨ ਨਾਲ ਬਣਦੇ ਹਨ। ਉਨ੍ਹਾਂ ਕਿਹਾ ਕਿ ਬਦਲਵੀਂ ਦੁਨੀਆ ਵਿੱਚ ਦੋਵਾਂ ਮੁਲਕਾਂ ਦੇ ਸੰਬੰਧ ਨਾ ਸਿਰਫ ਅੱਗੇ ਵਧੇ ਹਨ, ਬਲਕਿ ਅਸਲ ਵਿੱਚ ਵਿਸ਼ਵ ਸ਼ਾਂਤੀ ਵਿੱਚ ਮਹੱਤਵਪੂਰਨ ਯੋਗਦਾਨ ਪਾਉਣ ਵਜੋਂ ਵੀ ਉਭਰੇ ਹਨ।

# ਨਿਤੀਸ਼ ਦੀ ਸੁਰੱਖਿਆ ਵਿੱਚ ਸੰਨ੍ਹ, ਮੰਚ ਦੇ ਪਿੱਛੇ ਬੰਬ ਫਟਿਆ

ਪਟਨਾ, 13 ਅਪ੍ਰੈਲ (ਪੋਸਟ ਬਿਊਰੋ)- ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੀ ਸੁਰੱਖਿਆ ਵਿੱਚ ਉਦੋਂ ਭਾਰੀ ਖਾਮੀ ਨਜ਼ਰ ਆਈ, ਜਦੋਂ ਉਨ੍ਹਾਂ ਦੇ ਪ੍ਰੋਗਰਾਮ ਦੌਰਾਨ ਕੱਲ੍ਹ ਨਾਲੰਦਾ ਜ਼ਿਲ੍ਹੇ ਦੇ ਗਾਂਧੀ ਹਾਈ ਸਕੂਲ ਵਿੱਚ ਉਨ੍ਹਾਂ ਦੇ ਮੰਚ ਦੇ ਪਿੱਛੇ ਇੱਕ ਬੰਬ ਧਮਾਕਾ ਹੋਇਆ। ਇਸ ਨਾਲ ਉਥੇ ਅਫਰਾਤਫਰੀ ਮਚ ਗਈ।



ਨਾਲੰਦਾ ਪੁਲਸ ਦੇ ਸੁਪਰਡੈਂਟ ਅਨੁਸਾਰ ਪਹਿਲੀ ਨਜ਼ਰੇ ਇਹ ਇੱਕ ਪਟਾਕੇ ਵਰਗਾ ਸੀ, ਪਰ ਇਸ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਘਟਨਾ ਵਿੱਚ ਕਿਸੇ ਦੇ ਜ਼ਖ਼ਮੀ ਹੋਣ ਦੀ ਅਜੇ ਤਕ ਕੋਈ ਸੂਚਨਾ ਨਹੀਂ ਹੈ। ਪੁਲਸ ਨੇ ਕਾਰਵਾਈ ਕਰਦੇ ਹੋਏ ਇੱਕ ਵਿਅਕਤੀ ਫੜ ਲਿਆ ਹੈ। ਉਹ ਨਾਲੰਦਾ ਜ਼ਿਲ੍ਹੇ ਦੇ ਇਸਲਾਮਪੁਰ ਬਲਾਕ ਦੇ ਪਿੰਡ ਸਤਿਆਰ ਗੰਜ ਦਾ ਰਹਿਣ ਵਾਲਾ ਹੈ। ਪੁਲਸ ਉਸ ਤੋਂ ਪੁੱਛਗਿੱਛ ਕਰ ਰਹੀ ਹੈ।ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ 27 ਮਾਰਚ ਨੂੰ ਪਟਨਾ ਦੇ ਬਖਤਿਆਰਪੁਰ ਵਿੱਚ ਨਿਤੀਸ਼ ਨੂੰ ਇੱਕ ਨੌਜਵਾਨ ਨੇ ਮੁੱਕਾ ਮਾਰਨ ਦੀ ਕੋਸ਼ਿਸ਼ ਕੀਤੀ ਸੀ।

## ਫ਼ਾਲਤੂ ਕਚਰਾ ਪੁਲਾੜ ਯਾਤਰੀਆਂ ਤੇ ਧਰਤੀ ਵਾਸੀਆਂ ਲਈ ਖ਼ਤਰਾ


ਨਵੀਂ ਦਿੱਲੀ, 13 ਅਪ੍ਰੈਲ (ਪੋਸਟ ਬਿਊਰੋ)- ਇਸ ਮਹੀਨੇ ਦੇ ਸ਼ੁਰੂ ਵਿੱਚ ਗੁਜਰਾਤ, ਮੱਧ ਪ੍ਰਦੇਸ਼ ਅਤੇ ਮਹਾਰਾਸ਼ਟਰ ਦੇ ਕਈ ਇਲਾਕਿਆਂ ਵਿੱਚ ਅਸਮਾਨ ਤੋਂ ਅੱਗ ਦੇ ਗੋਲੇ ਡਿੱਗਦੇ ਦੇਖੇ ਗਏ ਸਨ। ਅਜਿਹੀਆਂ ਆਕਾਸ਼ੀ ਘਟਨਾਵਾਂ ਦੇ ਸੰਦਰਭ ਵਿੱਚ, ਵਿਗਿਆਨੀ ਕਹਿੰਦੇ ਹਨ ਕਿ ਇਹ ਪੁਲਾੜ ਦਾ ਮਲਬਾ ਹੋ ਸਕਦਾ ਹੈ। ਜੇ ਉਹ ਬਹੁਤ ਵੱਡੇ ਆਕਾਰ ਦੇ ਹੁੰਦੇ ਅਤੇ ਰਿਹਾਇਸ਼ੀ ਖੇਤਰ ਵਿੱਚ ਡਿੱਗੇ ਹੁੰਦੇ ਤਾਂ ਜਾਨ-ਮਾਲ ਦਾ ਭਾਰੀ ਨੁਕਸਾਨ ਹੋ ਸਕਦਾ ਸੀ।

ਅਸਲ ਵਿੱਚ ਪੁਲਾੜ ਵਿੱਚ ਇਕੱਠੇ ਹੋ ਰਹੇ ਕੂੜੇ ਦੇ ਢੇਰ ਆਉਂਦੇ ਸਮੇਂ ਵਿੱਚ ਧਰਤੀ ਉੱਤੇ ਰਹਿੰਦੇ ਲੋਕਾਂ ਅਤੇ ਉਥੇ ਕੰਮ ਕਰਦੇ ਸਾਰੇ ਉਪਗ੍ਰਹਿ, ਪੁਲਾੜ ਯਾਤਰੀਆਂ ਅਤੇ ਪੁਲਾੜ ਸਟੇਸ਼ਨਾਂ ਲਈ ਬਹੁਤ ਖਤਰਨਾਕ ਸਾਬਤ ਹੋ ਸਕਦੇ ਹਨ। ਇੰਨਾ ਹੀ ਨਹੀਂ ਸਾਡੀ ਸੰਚਾਰ ਪ੍ਰਣਾਲੀ ਨੂੰ ਵੀ ਪ੍ਰਭਾਵਿਤ ਕਰਨ ਦਾ ਖ਼ਤਰਾ ਹੋ ਬਣ ਸਕਦੇ ਹਨ।

ਇੱਕ ਅੰਦਾਜ਼ੇ ਅਨੁਸਾਰ ਲੱਗਭਗ 17 ਕਰੋੜ ਪੁਰਾਣੇ ਰਾਕਟ ਅਤੇ ਬੇਕਾਰ ਉਪਗ੍ਰਹਿ ਦੇ ਟੁਕੜੇ ਅੱਠ ਕਿਲੋਮੀਟਰ ਪ੍ਰਤੀ ਸਕਿੰਟ ਦੀ ਰਫ਼ਤਾਰ ਨਾਲ ਧਰਤੀ ਦੇ ਚੱਕਰ ਲਾ ਰਹੇ ਹਨ। ਆਪਸ ਵਿੱਚ ਟਕਰਾਉਣ ਕਾਰਨ ਇਹ ਹੋਰ ਟੁਕੜਿਆਂ ਵਿੱਚ ਵੰਡੇ ਜਾਂਦੇ ਹਨ, ਜਿਸ ਕਾਰਨ ਇਨ੍ਹਾਂ ਦੀ ਗਿਣਤੀ ਦਿਨੋਂ ਦਿਨ ਵਧੀ ਜਾਂਦੀ ਹੈ। ਬ੍ਰਿਟਿਸ਼ ਖਗੋਲ ਵਿਗਿਆਨੀ ਰਿਚਰਡ ਕਰਾਉਡਰ ਅਨੁਸਾਰ ਇਸ ਸਬੰਧ ਵਿੱਚ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਧਰਤੀ ਤੋਂ 22,300 ਮੀਲ ਦੂਰੀ ਉੱਤੇ ਭੂ-ਸਥਾਨਕ ਔਰਬਿਟ ਵਿੱਚ ਪੁਲਾੜ ਦੀ ਰਹਿੰਦ-ਖੂੰਹਦ ਦੇ ਇਕੱਠੇ ਹੋਣ ਤੇ ਆਪਸੀ ਟਕਰਾਅ ਦੇ ਨਤੀਜੇ ਵਜੋਂ ਦੁਨੀਆ ਦੀ ਸੰਚਾਰ ਪ੍ਰਣਾਲੀ ਵਿੱਚ ਵਿਘਨ ਪੈ ਸਕਦਾ ਹੈ। ਜੇ ਪੁਲਾੜ ਵਿੱਚ ਦੋ ਸਿੱਕਿਆਂ ਦੇ ਬਰਾਬਰ ਦੀਆਂ ਚੀਜ਼ਾਂ ਟਕਰਾਉਣ ਤਾਂ ਉਸ ਦਾ ਭਾਵ ਹੈ ਕਿ ਜਿਵੇਂ ਧਰਤੀ ਉੱਤੇ ਦੋ ਬਸਾਂ ਟਕਰਾਈਆਂ ਹੋਣ।

# ਭਗੌੜੇ ਨੀਰਵ ਮੋਦੀ ਦੇ ਕਰੀਬੀ ਨੂੰ ਮਿਸਰ ਤੋਂ ਭਾਰਤ ਲਿਆਂਦਾ

ਨਵੀਂ ਦਿੱਲੀ, 13 ਅਪ੍ਰੈਲ (ਪੋਸਟ ਬਿਊਰੋ)- ਭਾਰਤ ਤੋਂ ਭਗੌੜੇ ਹੋਏ ਹੀਰਾ ਕਾਰੋਬਾਰੀ ਨੀਰਵ ਮੋਦੀ ਨਾਲ ਜੁੜੇ 7000 ਕਰੋੜ ਰੁਪਏ ਦੇ ਪੀ ਐਨ ਬੀ ਧੋਖਾਧੜੀ ਕੇਸ ਵਿੱਚ ਪ੍ਰਮੁੱਖ ਦੋਸ਼ੀ ਸੁਭਾਸ਼ ਸ਼ੰਕਰ ਪਰਬ ਨੂੰ ਲੰਬੀ ਕੂਟਨੀਤਕ ਤੇ ਕਾਨੂੰਨੀ ਪ੍ਰਕਿਰਿਆ ਪਿੱਛੋਂ ਕੱਲ੍ਹ ਮਿਸਰ ਦੀ ਰਾਜਧਾਨੀ ਕਾਹਿਰਾ ਤੋਂ ਲਿਆਂਦਾ ਗਿਆ ਹੈ।



ਇਸ ਬਾਰੇ ਭਾਰਤੀ ਅਧਿਕਾਰੀਆਂ ਨੇ ਦੱਸਿਆ ਕਿ ਕੇਂਦਰੀ ਜਾਂਚ ਬਿਊਰੋ (ਸੀ ਬੀ ਆਈ) ਦੀ ਇੱਕ ਟੀਮ ਪਰਬ (50) ਨੂੰ ਵਾਪਸ ਲਿਆਉਣ ਲਈ ਮਿਸਰ ਦੀ ਰਾਜਧਾਨੀ ਗਈ ਸੀ। ਨੀਰਵ ਮੋਦੀ ਦੇ ਲੋਕਾਂ ਨੇ ਉਸ ਨੂੰ ਕਾਹਿਰਾ ਦੇ ਇੱਕ ਉਪ ਨਗਰ ਵਿੱਚ ਨਾਜਾਇਜ਼ ਤਰੀਕੇ ਨਾਲ ਕੈਦ ਕੀਤਾ ਹੋਇਆ ਸੀ। ਸੀ ਬੀ ਆਈ ਨੀਰਵ ਦੀ ਕੰਪਨੀ 'ਫਾਇਰ ਸਟਾਰ ਡਾਇਮੰਡ' ਦੇ ਡਿਪਟੀ ਜਨਰਲ ਮੈਨੇਜਰ ਪਰਬ ਦਾ ਲਗਾਤਾਰ ਪਿੱਛਾ ਕਰ ਰਹੀ ਸੀ। ਮੰਨਿਆ ਜਾਂਦਾ ਹੈ ਕਿ ਪਰਬ 7000 ਕਰੋੜ ਰੁਪਏ ਤੋਂ ਵੱਧ ਦੀ ਧੋਖਾਧੜੀ ਕਰਨ ਲਈ ਪੰਜਾਬ ਨੈਸ਼ਨਲ ਬੈਂਕ (ਪੀ ਐਨ ਬੀ) ਨੂੰ ਦਿੱਤੇ ਕਰਾਰਨਾਮੇ (ਐਲ ਓ ਯੂ) ਦਾ ਪ੍ਰਮੁੱਖ ਗਵਾਹ ਹੈ। ਅਧਿਕਾਰੀਆਂ ਨੇ ਦੱਸਿਆ ਕਿ 2018 ਵਿੱਚ ਘੋਟਾਲਾ ਜ਼ਾਹਰ ਹੋਣ ਪਿੱਛੋਂ ਉਹ ਨੀਰਵ ਮੋਦੀ ਦੇ ਪਰਵਾਰ ਤੇ ਉਸ ਦੇ ਮਾਮੇ ਮੇਹੁਲ ਚੋਕਸੀ ਦੇ ਨਾਲ ਹੀ ਲਾਪਤਾ ਹੋ ਗਿਆ ਸੀ। ਪਰਬ ਦਾ ਪਤਾ ਲਾਉਣ ਤੇ ਉਸ ਨੂੰ ਵਾਪਸ ਲਿਆਉਣ ਲਈ ਉਸ ਵਿਰੁੱਧ 'ਇੰਟਰਪੋਲ ਰੈਡ ਨੋਟਿਸ' ਜਾਰੀ ਕੀਤਾ ਸੀ। ਉਹ ਨੀਰਵ ਅਤੇ ਚੋਕਸੀ ਵਚਨ ਪੱਤਰ ਦੀ ਵਰਤੋਂ ਨਾਲ ਪੀ ਐਨ ਬੀ ਤੋਂ 13,300 ਕਰੋੜ ਰੁਪਏ ਦੀ ਧੋਖਾਦੇਹੀ ਦੇ ਮਾਮਲੇ ਵਿੱਚ ਲੋੜੀਂਦਾ ਹੈ। ਉਸ ਨੂੰ ਦੁਬਈ ਤੋਂ ਮਿਸਰ ਲਿਜਾਇਆ ਗਿਆ ਸੀ ਤੇ ਭਾਰਤ ਨੇ ਉਸ ਦੀ ਸੁਰੱਖਿਆ ਦੀ ਚਿੰਤਾ ਪ੍ਰਗਟ ਕੀਤੀ ਸੀ। ਲੰਬੀ ਕੂਟਨੀਤਕ ਅਤੇ ਕਾਨੂੰਨੀ ਪ੍ਰਕਿਰਿਆ ਪਿੱਛੋਂ ਸੀ ਬੀ ਆਈ ਉਸ ਦੀ 'ਪ੍ਰਸ਼ਾਸਨਿਕ ਹਵਾਲਗੀ' ਯਕੀਨੀ ਕਰਨ ਵਿੱਚ ਕਾਮਯਾਬ ਰਹੀ।ਇੱਕ ਵਿਸ਼ੇਸ਼ ਅਦਾਲਤ ਨੇ ਉਸ ਨੂੰ 26 ਅਪ੍ਰੈਲ ਤਕ ਲਈ ਸੀ ਬੀ ਆਈ ਦੀ ਹਿਰਾਸਤ ਵਿੱਚ ਭੇਜ ਦਿੱਤਾ।

## ਅਬੂ ਸਲੇਮ ਗ੍ਰਿਫਤਾਰੀ ਮਾਮਲੇ ਵਿਚ ਹੋਮ ਸੈਕਟਰੀ ਨੂੰ 18 ਤਕ ਐਫੀਡੇਵਿਟ ਦਾਖਲ ਕਰਨ ਦੇ ਹੁਕਮ

ਨਵੀਂ ਦਿੱਲੀ, 13 ਅਪ੍ਰੈਲ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਗੈਂਗਸਟਰ ਅਬੂ ਸਲੇਮ ਦੀ ਗ੍ਰਿਫਤਾਰੀ ਦੇ ਕੇਸ ਵਿੱਚ ਕੇਂਦਰੀ ਹੋਮ ਸੈਕਟਰੀ ਨੂੰ 18 ਅਪ੍ਰੈਲ ਤਕ ਐਫੀਡੇਵਿਟ ਪੇਸ਼ ਕਰਨ ਦੀ ਹਦਾਇਤ ਕੀਤੀ ਹੈ।

ਕੋਰਟ ਨੇ ਕੇਂਧਰ ਸਰਕਾਰ ਨੂੰ ਸਵਾਲ ਕੀਤਾ ਹੈ ਕਿ ਕੀ ਉਹ ਉਸ ਵਕਤ ਦੇ ਉਪ ਪ੍ਰਧਾਨ ਮੰਤਰੀ ਲਾਲ ਕ੍ਰਿਸ਼ਨ ਅਡਵਾਨੀ ਵੱਲੋਂ ਪੁਰਤਗਾਲ ਸਰਕਾਰ ਨੂੰ ਦਿੱਤੀ ਰਸਮੀ ਜ਼ਾਮਨੀ ਕਿ ਗੈਂਗਸਟਰ ਅਬੂ ਸਲੇਮ ਨੂੰ ਵੱਧ ਤੋਂ ਵੱਧ 25 ਸਾਲ ਦੀ ਸਜ਼ਾ ਦਿੱਤੀ ਜਾਵੇਗੀ, ਨੂੰ ਪੂਰਾ ਕਰੇਗੀ। ਬੈਂਚ ਨੇ ਐਫੀਡੇਵਿਟ ਪੇਸ਼ ਕਰਨ ਵਿੱਚ ਕੀਤੀ ਗਈ ਦੇਰੀ ਉੱਤੇਦੁੱਖ ਜ਼ਾਹਿਰ ਕਰਦਿਆਂ ਕਿਹਾ, ''ਇਹ ਠੀਕ ਨਹੀਂ। ਜੇ ਤੁਹਾਡਾ ਹੋਮ ਸੈਕਟਰੀ ਇੰਨਾ ਰੁੱਝਿਆ ਹੈ ਤਾਂ ਅਸੀਂ ਉਸ ਨੂੰ ਇੱਥੇ ਸੱਦ ਸਕਦੇ ਹਾਂ।'' ਬੈਂਚ ਨੇ ਕਿਹਾ, ''ਸਾਲੀਸਟਰ ਜਨਰਲ ਤੁਸ਼ਾਰ ਮਹਿਤਾ ਨੇ ਮੰਨਿਆ ਕਿ ਸਰਕਾਰਵੱਲੋਂ ਕਿਤੇ ਕੁਝ ਸਮਝਣ ਵਿੱਚ ਖ਼ਾਮੀ ਰਹਿ ਗਈ ਸੀ। ਆਖਰੀ ਮੌਕੇ ਕੇਂਦਰੀ ਹੋਮ ਸੈਕਟਰੀ ਦਾ ਐਫੀਡੇਵਿਟ 18 ਅਪ੍ਰੈਲ 2022 ਜਾਂ ਉਸ ਤੋਂ ਪਹਿਲਾਂ ਦਾਖਲ ਹੋ ਜਾਣਾ ਚਾਹੀਦਾ ਹੈ।''

## ਤਨਖ਼ਾਹਦਾਰ ਭਾਰਤੀ ਲੋਕ ਸਭ ਤੋਂ ਵੱਧ ਸੋਨਾ ਖ਼ਰੀਦ ਰਹੇ

ਨਵੀਂ ਦਿੱਲੀ, 13 ਅਪ੍ਰੈਲ (ਪੋਸਟ ਬਿਊਰੋ)- ਭਾਰਤ ਵਿੱਚ ਸਭ ਤੋਂ ਵੱਧ ਸੋਨਾ ਖ਼ਰੀਦਣ ਵਾਲੇ 2 ਤੋਂ 10 ਲੱਖ ਰੁਪਏ ਦੀ ਤਨਖ਼ਾਹ ਵਰਗ ਵਾਲੇ ਪਰਵਾਰ ਹਨ। ਬੀਤੇ ਪੰਜ ਸਾਲ ਦੌਰਾਨ ਦੇਸ਼ ਵਿੱਚ ਸੋਨੇ ਦੀ ਖ਼ਰੀਦ ਵਿੱਚ ਔਸਤਨ 56 ਫ਼ੀਸਦੀ ਹਿੱਸੇਦਾਰੀ ਇਸ ਪਰਵਾਰ ਵਰਗ ਵਾਲਿਆਂ ਦੀ ਰਹੀ ਹੈ।

ਆਈ ਆਈ ਐਮ ਅਹਿਮਦਾਬਾਦ ਇੰਡੀਆ ਗੋਲਡ ਪਾਲਿਸੀ ਸੈਂਟਰ (ਆਈ ਜੀ ਪੀ ਸੀ) ਦੀ ਰਿਪੋਰਟ ਤੋਂ ਪਤਾ ਲੱਗਾ ਹੈ ਕਿਦੇਸ਼ ਵਿੱਚ ਸਭ ਤੋਂ ਵੱਧ ਸੋਨੇ ਦੀ ਖ਼ਰੀਦਦਾਰੀ ਵਿਆਹ ਲਈ ਕੀਤੀ ਜਾਂਦੀ ਹੈ। ਬੀਤੇ ਪੰਜ ਸਾਲਾਂ ਵਿੱਚ 43 ਫ਼ੀਸਦੀ ਸੋਨੇ ਦੀ ਖ਼ਰੀਦਦਾਰੀ ਇਸੇ ਕਾਰਨ ਹੋਈ ਹੈ। ਵਰਨਣ ਯੋਗ ਹੈ ਕਿ ਸੋਨਾ ਖ਼ਰੀਦਣ ਲਈ ਹਮੇਸ਼ਾ ਕੋਈ ਮਕਸਦ ਹੋਣਾ ਜ਼ਰੂਰੀ ਨਹੀਂ, 31 ਫ਼ੀਸਦੀ ਪਰਵਾਰਾਂ ਨੇ ਬਿਨਾਂ ਖ਼ਾਸ ਮੌਕੇ ਦੇ ਸੋਨਾ ਖ਼ਰੀਦਿਆ ਹੈ। ਰਿਪੋਰਟ ਮੁਤਾਬਕ 75 ਫ਼ੀਸਦੀ ਤੋਂ ਵੱਧ ਭਾਰਤੀ ਪਰਵਾਰ ਨਿਵੇਸ਼ ਜਾਂ ਦਿਖਾਵੇ ਲਈ ਵੀ ਸੋਨਾ ਰੱਖਦੇ ਹਨ। ਸੋਨੇ ਦੀ ਖਪਤ ਅਮੀਰ ਪਰਵਾਰਾਂ ਵਿੱਚ ਵੱਧ ਹੈ ਪਰ ਕੁਲ ਖਪਤ ਸਭ ਤੋਂ ਵੱਧ ਮੱਧ ਵਰਗ ਦੇ ਪਰਵਾਰਾਂ ਦੀ ਹੈ। ਦੇਸ਼ ਵਿੱਚ ਤਨਖ਼ਾਹ ਵੱਧਣ ਦੇ ਨਾਲ ਲੋਕਾਂ ਦੀ ਸੋਨਾ ਰੱਖਣ ਦੀ ਚਾਹਤ ਵੱਧ ਰਹੀ ਹੈ। ਸ਼ਹਿਰੀਕਰਨ ਨਾਲ ਵੀ ਸੋਨੇ ਦੀ ਮੰਗ ਵਧਦੀ ਹੈ। 2021 ਤਕ ਬੀਤੇ ਪੰਜ ਸਾਲਾਂ ਵਿੱਚ ਦੇਸ਼ ਵਿੱਚ ਜਿੰਨੀ ਸੋਨੇ ਦੀ ਖਪਤ ਹੋਈ ਹੈ, ਉਸ ਵਿੱਚ 70 ਫ਼ੀਸਦੀ ਹਿੱਸਾ ਸ਼ਹਿਰੀ ਪਰਵਾਰਾਂ ਦਾ ਹੈ।




# ਪੁਲਵਾਮਾ ਹਮਲੇ ਵਿੱਚ ਸ਼ਾਮਲ ਔਰੰਗਜ਼ੇਬ ਨੂੰ ਅੱਤਵਾਦੀ ਐਲਾਨ ਦਿੱਤਾ ਗਿਆ

ਨਵੀਂ ਦਿੱਲੀ, 13 ਅਪ੍ਰੈਲ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਦੇ ਪੁਲਵਾਮਾ ਵਿੱਚ ਕੇਂਦਰੀ ਰਿਜ਼ਰਵ ਪੁਲਸ ਫ਼ੋਰਸ (ਸੀ ਆਰ ਪੀ ਐਫ਼) ਦੀ ਬੱਸ ਉੱਤੇ 2019 ਵਿੱਚ ਹੋਏ ਹਮਲੇ ਵਿੱਚ ਸ਼ਾਮਲ ਪਾਕਿਸਤਾਨੀ ਨਾਗਰਿਕ ਮੋਹੀਉਦੀਨ ਔਰੰਗਜ਼ੇਬ ਆਲਮਗੀਰ ਨੂੰਭਾਰਤ ਸਰਕਾਰ ਨੇ ਕੱਲ੍ਹ ਅਤਿਵਾਦੀ ਐਲਾਨ ਕਰ ਦਿੱਤਾ ਹੈ। ਪੁਲਵਾਮਾ ਵਿੱਚ 14 ਫ਼ਰਵਰੀ, 2019 ਦੇ ਹਮਲੇ ਵਿੱਚ ਸੀ ਆਰ ਪੀ ਐਫ਼ ਦੇ 40 ਜਵਾਨ ਮਾਰੇ ਗਏ ਸਨ ਅਤੇ ਲੱਗਭਗ ਪੰਦਰਵਾੜੇ ਬਾਅਦ ਭਾਰਤ ਨੇ ਜਵਾਬੀ ਕਾਰਵਾਈ ਵਿੱਚ ਪਾਕਿਸਤਾਨ ਦੇ ਅੰਦਰਲੇ ਅਤਿਵਾਦੀ ਕੈਂਪਾਂ ਉੱਤੇ ਹਵਾਈ ਹਮਲੇ ਕੀਤੇ ਸਨ।



ਸਰਕਾਰ ਨੇ ਕੱਲ੍ਹ ਅਤਿਵਾਦੀ ਗਰੁੱਪ ਅਤੇ 26/11 ਮੁੰਬਈ ਅਤਿਵਾਦੀ ਹਮਲਿਆਂ ਦੇ ਮੁੱਖ ਦੋਸ਼ੀ ਹਾਫਿਜ਼ ਸਈਦ ਦੇ ਪੁੱਤਰ ਹਾਫਿਜ਼ ਤਲਹਾ ਸਈਦ ਨੂੰ ਅਤਿਵਾਦੀ ਐਲਾਨ ਕੀਤਾ। ਕੇਂਦਰੀ ਗ੍ਰਹਿ ਮੰਤਰਾਲੇ ਨੇ ਇੱਕ ਨੋਟੀਫ਼ਿਕੇਸ਼ਨ ਵਿੱਚ ਕਿਹਾ ਕਿ ਆਲਮੀਗੀਰ (39), ਜਿਸ ਨੂੰ ਮਕਤਬ ਅਮੀਰ, ਮੁਜਾਹਿਦ ਭਾਈ ਅਤੇ ਮੁਹੰਮਦ ਭਾਈ ਵਜੋਂ ਜਾਣਿਆ ਜਾਂਦਾ ਹੈ, ਪੁਲਵਾਮਾ ਵਿੱਚ ਸੀ ਆਰ ਪੀ ਐਫ਼ ਦੇ ਕਾਫਲੇ ਉੱਤੇ ਹਮਲੇ ਵਿੱਚ ਸ਼ਾਮਲ ਸੀ। ਉਹ ਜੈਸ਼-ਏ-ਮੁਹੰਮਦ ਵੱਲੋਂ ਭਾਰਤ ਵਿਰੋਧੀ ਅਤਿਵਾਦੀ ਗਤੀਵਿਧੀਆਂ ਵਿੱਚ ਸ਼ਾਮਲ ਸੀ ਅਤੇ ਪਾਕਿਸਤਾਨੀ ਨਾਗਰਿਕਾਂ ਤੋਂ ਸੰਗਠਨ ਲਈ ਫੰਡ ਇਕੱਠਾ ਕਰਨ ਅਤੇ ਕਸ਼ਮੀਰ ਵਿੱਚ ਫੰਡ ਟ੍ਰਾਂਸਫ਼ਰ ਕਰਨ ਦੀਆਂ ਗਤੀਵਿਧੀਆਂ ਵਿੱਚ ਸ਼ਾਮਲ ਹੈ। ਆਲਮਗੀਰ ਅਫ਼ਗਾਨ ਲੜਾਕਿਆਂ ਦੀ ਘੁਸਪੈਠ ਅਤੇ ਜੰਮੂ-ਕਸ਼ਮੀਰ ਵਿੱਚ ਭਾਰਤੀ ਸੁਰੱਖਿਆ ਫ਼ੋਰਸਾਂ ਉੱਤੇ ਅਤਿਵਾਦੀ ਹਮਲਿਆਂ ਦਾ ਤਾਲਮੇਲ ਕਰਨ ਵਿੱਚ ਸ਼ਾਮਲ ਰਿਹਾ ਹੈ। ਆਲਮਗੀਰ 33ਵਾਂ ਵਿਅਕਤੀ ਹੈ ਜਿਸ ਨੂੰ ਸਰਕਾਰ ਨੇ ਅੱਤਵਾਦੀ ਐਲਾਨਿਆ ਹੈ।




# ਅਮਰੀਕਾ 'ਚ ਤੇਜ਼ੀ ਨਾਲ ਵਧ ਰਹੇ ਸਰੋਗੇਸੀ ਦੇ ਮਾਮਲੇ

ਅਮਰੀਕਾ, 13 ਅਪ੍ਰੈਲ (ਪੋਸਟ ਬਿਊਰੋ)- ਅਮਰੀਕਾ ਵਿੱਚ ਭੱਜ ਦੌੜ ਭਰੀ ਜ਼ਿੰਦਗੀ ਦੇ ਕਾਰਨ ਤੇਜ਼ੀ ਨਾਲ ਸਰੋਗੇਸੀ ਦੇ ਮਾਮਲੇ ਵੱਧ ਰਹੇ ਹਨ। ਇੱਥੇ ਸਰੋਗੇਸੀ ਵੱਡੇ ਕਾਰੋਬਾਰ ਦੇ ਰੂਪ ਵਿੱਚ ਵਿਕਸਿਤ ਹੋ ਚੁੱਕੀ ਹੈ।

ਵਰਨਣ ਯੋਗ ਹੈ ਕਿ ਅਮਰੀਕਾ ਦੇ ਹਰ ਰਾਜ ਵਿੱਚ ਵੱਖੋ-ਵੱਖ ਕਾਨੂੰਨ ਹੈ। ਸਰੋਗੇਸੀ ਬਾਰੇ ਇੱਕ ਕੇਂਦਰੀ ਕਾਨੂੰਨ ਬਣਾਉਣ ਦੀ ਮੰਗ ਉਠ ਰਹੀ ਹੈ, ਕਿਉਂਕਿ ਬਹੁਤੇ ਰਾਜਾਂ ਵਿੱਚ ਪੇਡ ਸਰੋਗੇਸੀ ਦਾ ਨਿਯਮ ਆਸਾਨੀ ਨਾਲ ਤੋੜਿਆ ਜਾ ਰਿਹਾ ਹੈ। ਅਮਰੀਕਾ ਦੀਆਂ ਕੁਝ ਔਰਤਾਂ ਨੂੰ ਸੁਪਰੀਮ ਕੋਰਟ ਵਿੱਚ ਅਪੀਲ ਕਰਨੀ ਪਈ ਹੈ। ਅਜਿਹਾ ਹੀ ਇੱਕ ਮਾਮਲਾ ਕੈਲੀਫੋਰਨੀਆ ਵਾਸੀ ਮੇਲਿਸਾ ਕੁਕ ਦਾ ਹੈ। ਇੱਕ ਵਿਅਕਤੀ ਨੇ ਉਸ ਨੂੰ ਨਿੱਜੀ ਸੰਸਥਾ ਦੇ ਲਈ ਸਰੋਗੇਟ ਬਣਨ ਲਈ ਤਿਆਰ ਕੀਤਾ। ਕੁਝ ਦਿਨਾਂ ਬਾਅਦ ਉਹ ਕਰਾਰ ਤੋਂ ਮੁਕਰ ਗਿਆ ਅਤੇ ਬੱਚਿਆਂ ਨੂੰ ਪਾਲਣ ਵਿੱਚ ਅਸਮਰਥਾ ਪ੍ਰਗਟਾਉਣ ਲੱਗਾ। ਇਸ ਕਾਰਨ ਮੇਲਿਸਾ ਨੇ ਸਬੰਧਤ ਸੰਸਥਾ ਅਤੇ ਵਿਅਕਤੀ ਉੱਤੇ ਕੇਸ ਦਰਜ ਕਰਾ ਦਿੱਤਾ। ਮੇਲਿਸਾ ਅੱਜ ਤਿੰਨ ਬੱਚਿਆਂ ਦੀ ਮਾਂ ਹੈ, ਪਰ ਉਸ ਦੇ ਬੱਚਿਆਂ ਨੂੰ ਅਪਣਾਉਣ ਨੂੰ ਤਿਆਰ ਨਹੀਂ ਹੈ। ਰੋਗ ਕੰਟਰੋਲ ਤੇ ਰੋਕਥਾਮ ਕੇਂਦਰ (ਸੀ ਡੀ ਸੀ) ਦਾ ਕਹਿਣਾ ਹੈ ਕਿ 1999 ਤੋਂ 2013 ਦਰਮਿਆਨ 18400 ਬੱਚੇ ਸਰੋਗੇਸੀ ਨਾਲ ਪੈਦਾ ਹੋਏ ਸਨ। ਸਰੋਗੇਟ ਬਣਨ ਲਈ ਔਰਤਾਂ ਨੂੰ ਔਸਤਨ 22 ਤੋਂ 45 ਲੱਖ ਰੁਪਏ ਦਾ ਭੁਗਤਾਨ ਕੀਤਾ ਗਿਆ। ਏਜੰਟ ਅਤੇ ਵਕੀਲ ਸਮੇਤ ਬਾਕੀ ਖਰਚ ਦੇ ਨਾਲ 83 ਤੋਂ 110 ਕਰੋੜ ਰੁਪਏ ਖਰਚ ਕਰਨੇ ਹੁੰਦੇ ਹਨ। ਨਿਊਜਰਸੀ, ਵਾਸ਼ਿੰਗਟਨ ਅਤੇ ਨਿਊ ਯਾਰਕ ਵਿੱਚ ਪਹਿਲਾਂ ਸਰੋਗੇਸੀ ਦੇ ਕਾਰੋਬਾਰ ਉੱਤੇ ਰੋਕ ਸੀ, ਪਰ ਬਾਅਦ ਵਿੱਚ ਇਸ ਨੂੰ ਕਾਨੂੰਨਨ ਜਾਇਜ਼ ਕਰ ਦਿੱਤਾ ਗਿਆ।

ਯੂਕਰੇਨ ਸਰੋਗੇਸੀ ਦੇ ਲਈ ਪ੍ਰਸਿੱਧ ਸੀ, ਪਰ ਰੂਸ ਨਾਲ ਯੁੱਧ ਦੇ ਬਾਅਦ ਅਮਰੀਕਾ ਵਿੱਚ ਐਡਵਾਂਸ ਮੈਡੀਕਲ ਟੈਕਨਾਲੋਜੀ ਤੇ ਸਿਹਤ ਡੋਨਰਸ ਦੇ ਕਾਰਨ ਸਰੋਗੇਸੀ ਦੇ ਮਾਮਲੇ ਵਧ ਗਏ ਹਨ। ਇਸ ਲਈ ਉਨਤ ਕਾਨੂੰਨ ਬਣਾਉਣ ਦੀ ਮੰਗ ਉਠ ਰਹੀ ਹੈ। ਯੂਰਪ ਦੇ ਜ਼ਿਆਦਾਤਰ ਦੇਸ਼ਾਂ ਵਿੱਚ ਕਾਰੋਬਾਰ ਦੇ ਤੌਰ ਉਤੇ ਸਰੋਗੇਸੀ ਉਤਿ ਰੋਕ ਹੈ। ਇੱਕ ਖੋਜ ਮੁਤਾਬਕ ਯੂਕਰੇਨ ਵਿੱਚ 15 ਤੋਂ 20 ਫੀਸਦੀ ਸਰੋਗੇਟ ਔਰਤਾਂ ਫੌਜੀਆਂ ਦੀਆਂ ਪਤਨੀਆਂ ਹਨ।

# ਅਮ੍ਰਿਤ ਸਿੰਘ ਨੇ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਵਜੋਂ ਸੰਭਾਲਿਆ ਅਹੁਦਾ



ਫ਼ਿਰੋਜ਼ਪੁਰ 13 ਅਪ੍ਰੈਲ (ਗਿਆਨ ਸਿੰਘ)- ਅਮ੍ਰਿਤ ਸਿੰਘ ਆਈ.ਏ.ਐਸ (2014) ਨੇ ਬਤੌਰ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਵਜੋਂ ਆਪਣਾ ਅਹੁਦਾ ਸੰਭਾਲ ਲਿਆ ਹੈ। ਫਿਰੋਜ਼ਪੁਰ ਪਹੁੰਚਣ ਤੇ ਉਨ੍ਹਾਂ ਨੂੰ ਪੰਜਾਬ ਪੁਲਿਸ ਦੀ ਟੁਕੜੀ ਵੱਲੋਂ ਗਾਰਡ ਆਫ਼ ਆਨਰ ਦਿੱਤਾ ਗਿਆ ਅਤੇ ਵੱਖ ਵੱਖ ਅਧਿਕਾਰੀਆਂ ਵੱਲੋ ਉਨ੍ਹਾਂ ਨੂੰ ਫੁੱਲਾ ਦਾ ਗੁਲਦਸਤਾ ਦੇ ਕੇ ਸਗਾਵਤ ਕੀਤਾ ਗਿਆ। ਆਪਣੀ ਹਾਜ਼ਰੀ ਦੇਣ ਉਪਰੰਤ ਉਨ੍ਹਾਂ ਸਮੂਹ ਦਫਤਰ ਦੇ ਸਟਾਫ ਨਾਲ ਪਲੇਠੀ ਜਾਣ-ਪਛਾਣ ਕੀਤੀ।

ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਅਮ੍ਰਿਤ ਸਿੰਘ ਨੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਤੋਂ ਉਨ੍ਹਾਂ ਦੇ ਵਿਭਾਗਾਂ ਨਾਲ ਸਬੰਧਿਤ ਚੱਲ ਰਹੀਆਂ ਸਕੀਮਾਂ ਅਤੇ ਪ੍ਰਾਜੈਕਟਾਂ ਬਾਰੇ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਕਿਹਾ ਕਿ ਅਸੀਂ ਸਾਰੇ ਖੁਸ਼ਨਸੀਬ ਹਾਂ ਕਿ ਸਾਨੂੰ ਸਰਕਾਰੀ ਨੌਂਕਰੀ ਵਿਚ ਆਕੇ ਲੋਕਾਂ ਦਾ ਕੰਮ ਕਰਨ ਦਾ ਮੌਕਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਅਸੀਂ ਜੋ ਕੰਮ ਕਰਦੇ ਹਾਂ ਚਾਹੇ ਉਹ ਸਾਡਾ ਰੋਜ਼ਾਨਾ ਦਾ ਕੰਮ ਹੈ ਪਰ ਜਿਨ੍ਹਾਂ ਲੋਕਾਂ ਦਾ ਅਸੀਂ ਕੰਮ ਕਰ ਰਹੇ ਉਨ੍ਹਾਂ ਲਈ ਉਹ ਕੰਮ ਬਹੁਤ ਜ਼ਰੂਰੀ ਹੈ। ਸਮੇਂ ਸਿਰ ਕੰਮ ਹੋਣ ਨਾਲ ਆਮ ਲੋਕਾਂ ਦੀ ਜਿੰਦਗੀ ਤੇ ਬਹੁਤ ਪ੍ਰਭਾਵ ਪੈਂਦਾ ਹੈ। ਇਸ ਲਈ ਜ਼ਰੂਰੀ ਹੈ ਕਿ ਅਸੀਂ ਲੋਕਾਂ ਦਾ ਕੰਮ ਪਹਿਲ ਦੇ ਆਧਾਰ ਤੇ ਇਮਾਨਦਾਰੀ ਅਤੇ ਮਿਹਨਤ ਨਾਲ ਕਰੀਏ।







## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ। ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com



















ਫੌਨਾਂ ਦੇ ਸਸਤੇ ਪਲਾਨ ਗਾਂਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

You can Place Your Business Here
(905)793-2202
To Reach Wider Audience
For more info Call 905-793-2202 or e-mail ads@punjabipost.ca



## Urgently Need New Listings in Brampton/Caledon

visit: www.teamjagaujla.com



Call **JAG AUJLA**
MCNE, REAL ESTATE BROKER
DIR: 416-371-7777
j.aujla@rogers.com www.jagaujla.com

**CALL JAG FOR A QUICK & FREE HOME EVALUATION**
www.BramptonTopRealtor.com www.BramptonTopAgent.com

**RECENTLY LISTED/SOLD IN YOUR NEIGHBOURHOOD BY JAG AUJLA**

**JUST LISTED FOR SALE** — BRANTFORD, ONTARIO
* Premium Lot
* Approx. 2 Years New
* Over 2500 Square Feet
* 4 Bedroom + 3 W.R.
* Family Room Open To Above
* Computer Loft
* Main Floor Laundry
* Loaded With Upgrades

Call Jag Aujla For Details

**JUST LISTED FOR SALE** — BRAMPTON, ONTARIO
* 70 Feet Wide Prem. Lot
* 4+2 Bedrooms + 6 Washroom + Upgraded
* 2 Bedroom Legal Basement Apt.
* Fully Renovated
* Approx 4000 S/F Living space
* Almost Everything New
* Spent over $200k on upgrades

Call Jag Aujla For Details

SOLD $215,000 OVER ASKING IN 2 DAYS — 42 Lawnview Crt, Sandalwood /Hwy 10 / Braidwood
SOLD $101,000 OVER ASKING IN 2 DAYS — 11 Germain Circ, Miss.Rd/ William Pkwy/ Bovaird
SOLD $165,000 OVER ASKING IN 2 DAYS — 5 Mitchell Ave, Sandalwood/ Conestoga/ Dalzell
SOLD @101% OF ASKING PRICE — 12 Laurelcrest St, Queen / Laurelcrest / Hwy 410
SOLD $260,000 OVER ASKING IN 4 DAYS — 10 Lady Stewart Blvd, Howden / William Pkwy/ Hwy 410
SOLD @99% OF ASKING PRICE — 11 Van Hoof Crest, Castlemore/ Goreway / Latania
SOLD $121,000 OVER ASKING IN 6 DAYS Caledon — 42 Pinedale Ave, Kennedy / Dougall
SOLD $73,000 OVER ASKING IN 6 DAYS Shelbourne — 416 Olde Village Lane, Hwy 89 / Greenwood
SOLD $355,000 OVER ASKING IN 4 DAYS — 37 Esker Dr, Heart Lake Rd/Sandalwood Pkwy

**FREE**
- Full MLS Services
- Consistently Marketing Your Property Until SOLD
- Staging Consultation
- Billboard, Flyer, Newspaper
- Online Promotion
- Professional Pictures and Virtual Tour
- Social media & Radio Advertisement
- Open House Until Sold
- Competitive Rates, Exceptional Service & Award Winning Results

RE/MAX Realty Specialists Inc. Brokerage (Independently Owned and Operated) Off: 905-456-3232
Call JAG AUJLA DIR: 416-371-7777 MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
March 2022



## ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

## ਅਵਤਾਰ ਸਿੰਘ ਟਿਵਾਣਾ



- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8

**SOLD — $1,399,999 — CASTLEMORE/GOREWAY**
ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈੱਡਰਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿੱਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ

**FOR SALE — $1,749,900 — 8337 ਗਲਫ ਲਾਈਨ**
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866

**FOR SALE — $1,950,000 — 26 Yellow RomeRd**
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਦ ਇਨਸੂਟ ਅਤੇ ਵਾਕਇਨ ਕਲਾਜਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿੱਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ



jobs! jobs! jobs! jobs! jobs!

DUNDAS·JAFINE

## HELP WANTED

### ਕਾਮਿਆਂ ਦੀ ਲੋੜ

**ਜਨਰਲ ਲੇਬਰ ਦਾ ਕੰਮ ਉਪਲੱਬਧ ਹੈ**

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੋਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton

Apply In Person to complete application in the Shipping Department



## ASIAN FOOD CENTRE — Vaisakhi SALE

www.AsianFoodCentre.com
8TH APR TO 19TH APR 2022
Fresh Fruits, Vegetables, Indian & Canadian Grocery

| Item | Price |
|---|---|
| SHER DESI STYLE ATTA | $13.99 |
| TAJ ATTA | $12.99 |
| MEERA BESAN | $4.99 |
| ALMONDS | $4.99 1LB |
| ASIAN BASMATI RICE | $8.99 |
| AFC DIAMOND RICE | $7.99 |
| MOTHER DAIRY PANEER | $4.29 |
| SAFFRON | $1.99 |
| GOLDEN COOKIES | $5.49 |
| ANGUR TOOR DAL | $13.99 |
| TASTY BROWN SUGAR | $7.99 |
| REDPATH SUGAR | $2.99 |
| TEA INDIA | $8.99 |
| INDIAN ROOHAFZA | $3.49 |
| PARLE-G | $0.89 |
| BRAR RASMALAI | $8.99 |
| BRITANNIA DRY CAKE | $2.99 |
| MOTHER DAIRY MAKHANI | $3.99 |
| BIKANERI COOKIES | $4.99 |
| POPULAR PARATHA | $3.99 |
| HEINZ KETCHUP | $4.99 |
| MR GOUDAS SALT | $0.99 |
| INDICA NATURAL BROWN HAIR COLOR | 2 FOR $4 |
| PACHARANGA FOODS ASSORTED PICKLE | $3.79 |
| GOOD DAY COOKIES | 3 FOR $2 |
| SURATI SNACKS | $2.29 |
| APPY FIZZ | $0.99 |
| WAGHBAKRI TEA | $10.99 |
| BR TIGER GLUCOSE BISCUIT | $1.49 |
| MR GOUDAS CHICK PEAS | $1.49 |
| BIKANO DRY PETHA | $3.99 |
| BIKANERI GOLGAPPE | $3.29 |
| MR GOUDAS RED KIDNEY BEANS | $1.49 |
| PAKISTANI ROOHAFZA | $4.49 |
| BRITANNIA MILK RUSK | $3.49 |
| BLACK CHANA | $4.49 |
| CHANA DAL | $3.99 |
| CIAN FRESH CUT VEGETABLES | $0.79 |
| PRAN ASST CHUTNEY | $2.29 |
| PRAN FLATTENED RICE (POHA) | $1.29 |

**VARIETIES OF SWEETS AVAILABLE**



ETOBICOKE: 10 Westmore Dr. 416-740-3262
MISSISSAUGA: 1075 Ceremonial Dr. 905-502-1600
BRAMPTON: 621 Wanless Dr. 905-495-3336
BRAMPTON: 2120 N Park Dr. 905-793-1338
BRAMPTON: 80 Pertosa Dr. 905-460-0009
BRAMPTON: 40 Airport RD & Lacoste Blvd. 905-794-8109
BRAMPTON: 10510 Torbram Rd. 905-790-0030
BRAMPTON: 10 Pannahill Dr. 905-913-8017
TOLL FREE 1-800-708-9232

We reserve the right to limit the quantity. Prices subject to change without notice, while supplies last. Product images are for illustration purpose only. Design & Print by InfoTech Media